ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ








VOL-13 ISSUE 2439 | 19 April, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260


# ਉਤਰਾਖੰਡ ਦੇ ਗਵਰਨਰ ਗੁਰਮੀਤ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

**ਅੰਮ੍ਰਿਤਸਰ**
**ਡਾ.ਰਾਜਿੰਦਰ ਰਿਖੀ**

ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਗੁਰਮੀਤ ਸਿੰਘ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਮੀਤ ਸਿੰਘ ਨੂੰ ਜੀ-ਆਇਆਂ ਆਖਿਆ ਅਤੇ ਸਿਰੋਪਾਓ, ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਆਸਥਾ ਦਾ ਕੇਂਦਰ ਹੈ, ਜਿਥੇ ਰੋਜ਼ਾਨਾ ਵੱਡੀ ਗਿਣਤੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਤਮਸਤਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਹਰ ਸਿੱਖ ਆਪਣੀ ਉਪਲਬਧੀ 'ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੁੰਦਾ ਹੈ।ਅੱਜ ਉਤਰਾਖੰਡ ਦੇ ਰਾਜਪਾਲਗੁਰਮੀਤ ਸਿੰਘ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਹੀ ਜੰਮਪਲ ਹਨ, ਜੋ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਉਤਰਾਖੰਡ ਅੰਦਰ ਸਿੱਖਾਂ ਨਾਲ ਸਬੰਧਤ ਪਾਵਨ ਅਸਥਾਨਾਂ ਸਬੰਧੀ ਵੀ ਰਾਜਪਾਲ ਗੁਰਮੀਤ



ਸਿੰਘ ਨਾਲ ਵਿਚਾਰਾਂ ਹੋਈਆਂ, ਜਿਸ ਪ੍ਰਤੀ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਗਿਆ। ਇਸੇ ਦੌਰਾਨ ਰਾਜਪਾਲ ਗੁਰਮੀਤ ਸਿੰਘ ਨੇ ਕਿਹਾ ਕਿ ਗੁਰੂ ਦੇ ਅਸ਼ੀਰਵਾਦ ਸਦਕਾ ਹੀ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਉਹ ਦਰ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਏਕਤਾ ਦਾ ਸੰਦੇਸ਼ ਮਿਲਦਾ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਕਰਕੇ ਉਹ ਨਵੀਂ ਊਰਜਾ ਮਹਿਸੂਸ ਕਰਦੇ ਹਨ। ਉਨ੍ਹਾਂ ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਉਤਰਾਖੰਡ ਅਤੇ ਦੇਸ਼ ਭਰ ਦੇ ਲੋਕਾਂ ਲਈ ਅਰਦਾਸ ਕੀਤੀ।

# ਇਟਲੀ ਚ ਵੱਡੀ ਵਾਰਦਾਤ ਗੁਰਦੁਆਰਾ ਸਾਹਿਬ ਸਾਹਮਣੇ ਅੰਨੇਵਾਹ ਫਾਇਰਿੰਗ, ਦੋ ਸਿੱਖ ਸੇਵਾਦਾਰਾਂ ਦੀ ਮੌਤ

**ਬੈਰਗਾਮੋ**
**ਸਾਂਝੀ ਸੋਚ ਬਿਊਰੋ**

ਇਟਲੀ ਵਿੱਚ ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਿੱਖ ਸੰਗਤ ਵੱਲੋਂ ਬਹੁਤ ਹੀ ਸ਼ਰਧਾ ਦੇ ਉਤਸ਼ਾਹ ਨਾਲ ਮਨਾਏ ਜਾ ਰਹੇ ਸੀ ਪਰ ਬੀਤੀ ਰਾਤ ਲੰਬਾਰਦੀਆਂ ਸੂਬੇ ਦੇ ਜ਼ਿਲਾ ਬੈਰਗਾਮੋ ਦੇ ਸ਼ਹਿਰ ਕੋਵੋ ਵਿਖੇ ਸਥਿਤ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਪ੍ਰਵੇਸ਼ ਦੁਆਰ ਤੇ ਅਗਿਆਤ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਭਾਰਤੀ ਮੂਲ ਦੇ ਦੋ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜਿਸ ਨਾਲ ਇਟਲੀ ਭਰ ਵਿੱਚ ਵਸਦੇ ਭਾਰਤੀ ਭਾਈਚਾਰੇ ਵਿੱਚ ਮਾਤਮ ਛਾ ਗਿਆ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਕੋਵੋ ਦੀ ਪ੍ਰਬੰਧਕ ਕਮੇਟੀ ਨੇ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਜਾਉਣਾ ਸੀ। ਜਿਸ ਦੀਆਂ ਸਾਰੀਆਂ ਤਿਆਰੀਆਂ ਵੀ ਮੁਕੰਮਲ ਹੋ ਚੁੱਕੀਆਂ ਸਨ। ਪਰ ਨਗਰ ਕੀਰਤਨ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜਦੋਂ ਸੰਗਤਾਂ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਆਪਣੇ ਘਰਾਂ ਨੂੰ ਜਾ ਰਹੀਆਂ ਸਨ ਉਸ ਵੇਲੇ ਅਗਿਆਤ ਹਮਲਾਵਰ ਨੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਦੇ ਲੋਕਾਂ ਦੇ ਅੰਨਵਾਹ ਫਾਇਰਿੰਗ ਕੀਤੀ। ਜਿਸ ਵਿੱਚ ਰਜਿੰਦਰ ਸਿੰਘ ਰੰਮੀ ਤੇ ਗੁਰਮੀਤ ਸਿੰਘ ਜਿਹੜੇ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਦੱਸੇ ਜਾ ਰਹੇ ਹਨ ਦੋਵੇਂ ਗੰਭੀਰ ਜ਼ਖਮੀ ਹੋ ਗਏ। ਘਟਨਾ ਦੀ ਜਾਣਕਾਰੀ ਮਿਲਦੇ ਹੀ



ਬੇਸ਼ੱਕ ਇਟਾਲੀਅਨ ਪੁਲਿਸ ਹਰਕਤ ਵਿੱਚ ਆ ਗਈ ਪਰ ਉਦੋਂ ਤੱਕ ਹਮਲਾਵਰ ਭੱਜਣ ਵਿੱਚ ਕਾਮਯਾਬ ਹੋ ਗਿਆ ਸੀ। ਦੂਜੇ ਪਾਸੇ ਗੰਭੀਰ ਜ਼ਖਮੀ ਸੇਵਾਦਾਰਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਹਨਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੁਲਿਸ ਕੈਮਰਿਆਂ ਅਤੇ ਮੌਕੇ ਦੇ ਚਸ਼ਮਦੀਦ ਗਵਾਹਾਂ ਤੋਂ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਜਦੋਂ ਕਿ ਅੱਜ ਸਜਾਇਆ ਜਾਣ ਵਾਲਾ ਨਗਰ ਕੀਰਤਨ ਰੱਦ ਕਰ ਦਿੱਤਾ ਗਿਆ ਹੈ। ਇਸ ਘਟਨਾ ਦੇ ਅਸਲ ਕਾਰਨ ਕੀ ਹੋ ਸਕਦੇ ਹਨ, ਇਹ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਦੂਜੇ ਪਾਸੇ ਪੁਲਿਸ ਵੀ ਬਹੁਤ ਹੀ ਬਰੀਕੀ ਨਾਲ ਮਾਮਲੇ ਦੀ ਜਾਂਚ ਕਰ ਰਹੀ ਹੈ। ਪਰ ਸਿੱਖ ਸੰਗਤ ਲਈ ਇਹ ਘਟਨਾ ਬੇਹਦ ਦੁਖਦਾਈ ਹੈ।

























# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS




Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਟ੍ਰਿਪਲ ਅਪ੍ਰੈਲ ਫੂਲ



ਮੂਲ: ਹਰੀਸ਼ ਕੁਮਾਰ 'ਅਮਿਤ'
ਗੁਰੂਗ੍ਰਾਮ (ਹਰਿਆਣਾ)
(9899221107)

ਅਰਨਵ ਸਵੇਰੇ ਉੱਠਿਆ ਤਾਂ ਉਹਨੇ ਵੇਖਿਆ ਕਿ ਉਸਦੇ ਪਾਪਾ ਅਜੇ ਵੀ ਸੁੱਤੇ ਪਏ ਹਨ। ਉਹਨੂੰ ਬੜੀ ਹੈਰਾਨੀ ਹੋਈ, ਕਿਉਂਕਿ ਉਸਦੇ ਪਾਪਾ ਤਾਂ ਸਵੇਰੇ ਬਹੁਤ ਜਲਦੀ ਉੱਠਦੇ ਸਨ। ਅਰਨਵ ਨੇ ਪਾਪਾ ਨੂੰ ਦੋ-ਤਿੰਨ ਆਵਾਜ਼ਾਂ ਮਾਰੀਆਂ, ਪਰ ਕੋਈ ਜਵਾਬ ਨਹੀਂ ਮਿਲਿਆ। ਉਹ ਚਿੰਤਤ ਹੋ ਗਿਆ।

ਉਹ ਆਪਣੀ ਮੰਮੀ ਕੋਲ ਗਿਆ, ਜੋ ਰਸੋਈ ਵਿੱਚ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਸਦੀ ਮੰਮੀ ਨੇ ਕਿਹਾ, "ਬੇਟਾ, ਤੇਰੇ ਪਾਪਾ ਦੀ ਤਬੀਅਤ ਠੀਕ ਨਹੀਂ ਹੈ। ਉਨ੍ਹਾਂ ਦੇ ਪੇਟ ਵਿੱਚ ਬਹੁਤ ਦਰਦ ਹੈ। ਉਹ ਥੋੜ੍ਹੀ ਦੇਰ ਪਹਿਲਾਂ ਹੀ ਸੁੱਤੇ ਹਨ।"

"ਪਰ ਮੰਮੀ! ਪਾਪਾ ਨੇ ਅੱਜ ਮੈਨੂੰ ਨਵੀਂ ਕਲਾਸ ਦੀਆਂ ਕਿਤਾਬਾਂ ਅਤੇ ਨਵੀਂ ਵਰਦੀ ਦਿਵਾਉਣੀ ਸੀ। ਮੇਰੀਆਂ ਨੋਟਬੁੱਕਾਂ ਅਤੇ ਕਿਤਾਬਾਂ ਦੇ ਕਵਰ ਵੀ ਤਾਂ ਪਾਪਾ ਹੀ ਚੜ੍ਹਾਉਂਦੇ ਹਨ। ਇਸੇ ਲਈ ਤਾਂ ਉਨ੍ਹਾਂ ਨੇ ਅੱਜ ਆਫ਼ਿਸ ਤੋਂ ਛੁੱਟੀ ਲਈ ਸੀ," ਅਰਨਵ ਨੇ ਕਿਹਾ।

ਮੰਮੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਕਮਰੇ ਦੇ ਅੰਦਰੋਂ ਪਾਪਾ ਦੀ ਕਰਾਹਟ ਸੁਣਾਈ ਦਿੱਤੀ। ਮੰਮੀ ਅਤੇ ਅਰਨਵ ਅੰਦਰ ਗਏ ਤਾਂ ਪਾਪਾ ਨੂੰ ਪੇਟ 'ਤੇ ਹੱਥ ਰੱਖ ਕੇ "ਹਾਏ-ਹਾਏ!" ਕਰਦੇ ਹੋਏ ਵੇਖਿਆ।

"ਪੇਟ ਦਰਦ ਹੋਰ ਵੀ ਵਧ ਗਿਆ ਹੈ। ਲੱਗਦਾ ਹੈ ਕਿ ਹਸਪਤਾਲ ਜਾਣਾ ਹੀ ਪਵੇਗਾ," ਪਾਪਾ ਨੇ ਕਿਹਾ।

"ਹਾਂ-ਹਾਂ, ਮੈਂ ਤੁਹਾਨੂੰ ਹਸਪਤਾਲ ਲੈ ਚੱਲਾਂਗੀ," ਮੰਮੀ ਨੇ ਕਿਹਾ।

"ਪਰ ਮੇਰੀਆਂ ਕਿਤਾਬਾਂ, ਵਰਦੀ...। ਮੇਰੀ ਨਵੀਂ ਕਲਾਸ ਕੱਲ੍ਹ ਤੋਂ ਸ਼ੁਰੂ ਹੋ ਰਹੀ ਹੈ," ਅਰਨਵ ਕਹਿਣ ਲੱਗਿਆ।

"ਬੇਟਾ! ਪਾਪਾ ਦੀ ਸਿਹਤ ਇਸ ਵੇਲੇ ਜ਼ਿਆਦਾ ਜ਼ਰੂਰੀ ਹੈ। ਕਿਤਾਬਾਂ ਅਤੇ ਵਰਦੀ ਤਾਂ ਇੱਕ ਦਿਨ ਬਾਅਦ ਵੀ ਆ ਜਾਣਗੀਆਂ," ਮੰਮੀ ਨੇ ਅਰਨਵ ਨੂੰ ਕਿਹਾ।

"ਫਿਰ ਅੱਜ ਦੁਪਹਿਰ ਹਸਪਤਾਲ ਤੋਂ ਵਾਪਸ ਆ ਕੇ ਕਿਤਾਬਾਂ ਅਤੇ ਵਰਦੀ ਖਰੀਦ ਲਵਾਂਗੇ," ਅਰਨਵ ਨੇ ਕਿਹਾ।

"ਪਤਾ ਨਹੀਂ ਕਿ ਉਹ ਹਸਪਤਾਲ ਤੋਂ ਕਦੋਂ ਵਾਪਸ ਆ ਸਕਣਗੇ। ਉਨ੍ਹਾਂ ਨੂੰ ਕੁਝ ਟੈਸਟ ਵਗੈਰਾ ਕਰਵਾਉਣੇ ਪੈ ਸਕਦੇ ਹਨ। ਫਿਰ ਤਾਂ ਵਾਪਸ ਆਉਂਦੇ-ਆਉਂਦੇ ਸ਼ਾਮ ਹੋ ਜਾਵੇਗੀ," ਮੰਮੀ ਨੇ ਕਿਹਾ।

"ਮੈਨੂੰ ਤਾਂ ਲੱਗਦਾ ਹੈ ਕਿ ਮੈਨੂੰ ਪੇਟ ਦਾ ਆਪਰੇਸ਼ਨ ਕਰਵਾਉਣਾ ਪਵੇਗਾ," ਪਾਪਾ ਨੇ ਹਉਕੇ ਭਰਦੇ ਹੋਏ ਕਿਹਾ।

"ਫਿਰ ਤਾਂ ਤੁਹਾਨੂੰ ਤਿੰਨ-ਚਾਰ ਦਿਨ ਹਸਪਤਾਲ ਵਿੱਚ ਰਹਿਣਾ ਪਵੇਗਾ। ਮੈਂ ਵੀ ਤਾਂ ਫਿਰ ਉੱਥੇ ਹੀ ਰਹਾਂਗੀ, ਤੁਹਾਡੀ ਦੇਖਭਾਲ ਲਈ।" ਮੰਮੀ ਪਾਪਾ ਨੂੰ ਕਹਿ ਰਹੇ ਸਨ।

"ਫਿਰ ਮੈਂ ਕਿੱਥੇ ਰਹਾਂਗਾ? ਮੇਰੀਆਂ ਕਿਤਾਬਾਂ ਅਤੇ ਵਰਦੀ ਦਾ ਕੀ ਹੋਵੇਗਾ? ਮੈਂ ਸਕੂਲ ਕਿਵੇਂ ਜਾਵਾਂਗਾ?" ਅਰਨਵ ਨੇ ਪੁੱਛਿਆ।

"ਬੇਟਾ, ਤੂੰ ਅਗਲੇ ਤਿੰਨ-ਚਾਰ ਦਿਨ ਘਰ ਹੀ ਰਹਿ। ਅਸੀਂ ਦਰਵਾਜ਼ਾ ਬਾਹਰੋਂ ਬੰਦ ਕਰ ਦੇਵਾਂਗੇ। ਮੈਂ ਦਿਨ ਵਿੱਚ ਇੱਕ ਵਾਰ ਥੋੜ੍ਹੀ ਦੇਰ ਲਈ ਆ ਜਾਇਆ ਕਰਾਂਗੀ। ਜਦੋਂ ਪਾਪਾ ਠੀਕ ਹੋ ਕੇ ਘਰ ਵਾਪਸ ਆਉਣਗੇ, ਤਾਂ ਉਹ ਤੇਰੀਆਂ ਕਿਤਾਬਾਂ, ਵਰਦੀ ਆਦਿ ਲੈ ਆਉਣਗੇ। ਅਗਲੇ ਦਿਨ ਤੂੰ ਆਪਣੀ ਨਵੀਂ ਕਲਾਸ ਵਿੱਚ ਚਲਾ ਜਾਵੀਂ।"

ਆਪਣੀ ਮਾਂ ਤੋਂ ਇਹ ਸਭ ਕੁਝ ਸੁਣ ਕੇ ਅਰਨਵ ਰੋਣ ਲੱਗ ਪਿਆ। ਉਸਨੇ ਆਪਣੇ ਹੰਝੂ ਛੁਪਾਉਣ ਲਈ ਮੂੰਹ ਕੰਧ ਵੱਲ ਕਰ ਲਿਆ।

ਉਸੇ ਵੇਲੇ ਮਸ਼ਹੂਰ ਫਿਲਮੀ ਗੀਤ "ਏਪ੍ਰਿਲ ਫੂਲ ਬਨਾਇਆ..." ਕਮਰੇ ਵਿੱਚ ਗੂੰਜਣ ਲੱਗਾ। ਅਰਨਵ ਨੇ ਮੁੜ ਕੇ ਵੇਖਿਆ ਪਾਪਾ ਬਿਸਤਰੇ 'ਤੇ ਬੈਠੇ ਸਨ ਅਤੇ ਗਾਣਾ ਉਨ੍ਹਾਂ ਦੇ ਹੱਥ ਵਿੱਚ ਫੜੇ ਮੋਬਾਈਲ ਫੋਨ ਤੇ ਵੱਜ ਰਿਹਾ ਸੀ। ਉਹ ਸਭ ਕੁਝ ਸਮਝ ਗਿਆ। ਮੰਮੀ-ਪਾਪਾ ਅਰਨਵ ਨੂੰ ਵੇਖ ਕੇ ਹੱਸਣ ਲੱਗੇ। ਅਰਨਵ ਵੀ ਜਵਾਬ ਵਿੱਚ ਮੁਸਕਰਾਉਣ ਲੱਗਿਆ।

ਤਿਆਰ ਹੋ ਕੇ ਨਾਸ਼ਤਾ ਕਰਨ ਤੋਂ ਬਾਅਦ ਜਦੋਂ ਅਰਨਵ ਆਪਣੇ ਪਾਪਾ ਨਾਲ ਬਾਜ਼ਾਰ ਜਾਣ ਵਾਲਾ ਸੀ ਤਾਂ ਪਾਪਾ ਦੀ ਕਾਰ ਸਟਾਰਟ ਨਹੀਂ ਹੋਈ। ਸ਼ਾਇਦ ਇਸ ਵਿੱਚ ਕੁਝ ਖਰਾਬੀ ਆ ਗਈ ਸੀ। ਪਾਪਾ ਨੇ ਕਿਹਾ ਕਿ ਉਹ ਸਕੂਟਰ ਤੇ ਚੱਲਦੇ ਹਨ। ਪਰ ਅਰਨਵ ਨੂੰ ਚਿੰਤਾ ਸੀ ਕਿ ਵਾਪਸ ਆਉਂਦੇ ਸਮੇਂ ਕੋਈ ਕਿਤਾਬ ਵਗੈਰਾ ਡਿੱਗ ਨਾ ਜਾਵੇ, ਇਸ ਲਈ ਉਹ ਦੋਵੇਂ ਆਟੋਰਿਕਸ਼ਾ ਰਾਹੀਂ ਬਾਜ਼ਾਰ ਚਲੇ ਗਏ।

ਜਦੋਂ ਉਹ ਅਰਨਵ ਦੀਆਂ ਕਿਤਾਬਾਂ, ਵਰਦੀ ਆਦਿ ਖਰੀਦ ਕੇ ਘਰ ਵਾਪਸ ਆਏ, ਤਾਂ ਪਾਪਾ ਨੇ ਕਿਰਾਏ ਨੂੰ ਲੈ ਕੇ ਆਟੋਰਿਕਸ਼ਾ ਚਾਲਕ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ।

ਅਰਨਵ ਨੂੰ ਇੱਕ ਖਿਆਲ ਆਇਆ ਤੇ ਉਸਨੇ ਚੁੱਪਚਾਪ ਆਪਣਾ ਵਰਦੀ ਵਾਲਾ ਬੈਗ ਚੁੱਕ ਕੇ ਬਾਗ਼ ਵਿੱਚ ਪਈ ਆਪਣੀ ਸਾਈਕਲ 'ਤੇ ਰੱਖ ਦਿੱਤਾ। ਫਿਰ ਉਹ ਦਰਵਾਜ਼ੇ 'ਤੇ ਖੜ੍ਹਾ ਹੋ ਗਿਆ।

ਜਦੋਂ ਪਾਪਾ ਆਟੋਰਿਕਸ਼ਾ ਦਾ ਕਿਰਾਇਆ ਦੇ ਕੇ ਅਤੇ ਅਰਨਵ ਦੀਆਂ ਕਿਤਾਬਾਂ ਦਾ ਬੰਡਲ ਲੈ ਕੇ ਘਰ ਆਏ, ਤਾਂ ਅਰਨਵ ਨੇ ਉਨ੍ਹਾਂ ਨੂੰ ਪੁੱਛਿਆ, "ਪਾਪਾ! ਮੇਰਾ ਵਰਦੀ ਵਾਲਾ ਬੈਗ ਕਿੱਥੇ ਹੈ?"

"ਤੂੰ ਉਹ ਲੈ ਆਇਆ ਸੀ ਨਾ!" ਪਾਪਾ ਨੇ ਕਿਹਾ।

"ਮੈਂ ਤਾਂ ਨਹੀਂ ਲਿਆਂਦਾ, ਪਾਪਾ! ਮੈਨੂੰ ਲੱਗਦਾ ਹੈ ਕਿ ਉਹ ਆਟੋ-ਰਿਕਸ਼ਾ ਵਿੱਚ ਹੀ ਰਹਿ ਗਿਆ ਹੈ," ਅਰਨਵ ਨੇ ਭੋਲਾ ਜਿਹਾ ਚਿਹਰਾ ਬਣਾਉਂਦੇ ਹੋਏ ਕਿਹਾ।

"ਅੱਛਾ? ਫਿਰ ਤੂੰ ਜਲਦੀ ਬਾਹਰ ਜਾ ਕੇ ਦੇਖ ਕਿ ਆਟੋ ਕਿਸ ਪਾਸੇ ਗਿਆ ਹੈ। ਮੈਂ ਸਕੂਟਰ ਕੱਢ ਕੇ ਉਸਦਾ ਪਿੱਛਾ ਕਰਦਾ ਹਾਂ।"

ਪਾਪਾ ਦੀ ਗੱਲ ਸੁਣ ਕੇ ਉਹ ਜਲਦੀ ਨਾਲ ਘਰੋਂ ਬਾਹਰ ਆਇਆ ਅਤੇ ਇਧਰ-ਉਧਰ ਵੇਖਣ ਲੱਗਾ, ਪਰ ਉਸਨੂੰ ਕੋਈ ਆਟੋਰਿਕਸ਼ਾ ਦਿਖਾਈ ਨਹੀਂ ਦਿੱਤਾ।

ਜਦੋਂ ਉਹ ਘਰ ਵਾਪਸ ਆਇਆ ਤਾਂ ਉਸਦੇ ਪਾਪਾ ਸਕੂਟਰ ਸਟਾਰਟ ਕਰ ਰਹੇ ਸਨ। ਅਰਨਵ ਨੇ ਵੇਖਿਆ ਕਿ ਉਸਦਾ ਵਰਦੀ ਵਾਲਾ ਬੈਗ ਸਾਈਕਲ ਤੋਂ ਗਾਇਬ ਸੀ।

ਉਹ ਪਾਪਾ ਕੋਲ ਗਿਆ ਅਤੇ ਉਨ੍ਹਾਂ ਨੂੰ ਉਸ ਵਰਦੀ ਵਾਲੇ ਬੈਗ ਬਾਰੇ ਦੱਸਿਆ ਜੋ ਉਸਨੇ ਲਿਆ ਕੇ ਆਪਣੀ ਸਾਈਕਲ 'ਤੇ ਰੱਖਿਆ ਸੀ। ਉਸੇ ਵੇਲੇ ਉਸਦੇ ਮੰਮੀ ਆ ਗਏ। ਪਾਪਾ ਨੇ ਮੰਮੀ ਨੂੰ ਸਭ ਕੁਝ ਦੱਸਿਆ। ਉਸਦੇ ਮਾਪੇ ਅਰਨਵ ਤੇ ਗੁੱਸੇ ਹੋਣ ਲੱਗੇ ਕਿ ਉਸਨੇ ਬੈਗ ਲਿਆ ਕੇ ਸਾਈਕਲ 'ਤੇ ਕਿਉਂ ਰੱਖਿਆ।

ਆਪਣੇ ਮਾਪਿਆਂ ਦੀ ਝਿੜਕ ਸੁਣ ਕੇ ਅਰਨਵ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਹ ਹੱਥਾਂ ਵਿੱਚ ਮੂੰਹ ਛੁਪਾ ਕੇ ਰੋਣ ਲੱਗ ਪਿਆ।

ਉਸੇ ਵੇਲੇ ਉਸਦੇ ਕੰਨਾਂ ਵਿੱਚ ਫਿਰ ਤੋਂ 'ਏਪ੍ਰਿਲ ਫੂਲ ਬਨਾਇਆ...' ਵਾਲਾ ਗਾਣਾ ਗੂੰਜਣ ਲੱਗਾ। ਉਸਨੇ ਸਿਰ ਚੁੱਕ ਕੇ ਵੇਖਿਆ। ਇਹ ਗੀਤ ਉਸਦੇ ਪਾਪਾ ਦੇ ਮੋਬਾਈਲ ਫੋਨ 'ਤੇ ਚੱਲ ਰਿਹਾ ਸੀ ਅਤੇ ਉਸਦਾ ਵਰਦੀ ਵਾਲਾ ਬੈਗ ਉਸਦੀ ਮੰਮੀ ਦੇ ਹੱਥ ਵਿੱਚ ਸੀ।

"ਬੇਟਾ, ਮੈਂ ਤੈਨੂੰ ਅਜਿਹਾ ਕਰਦੇ ਵੇਖ ਲਿਆ ਸੀ ਜਦੋਂ ਤੂੰ ਆਟੋ-ਰਿਕਸ਼ਾ ਤੋਂ ਬੈਗ ਚੁੱਕ ਕੇ ਲਿਆਇਆ ਸੀ," ਪਾਪਾ ਨੇ ਕਿਹਾ।

"ਅਤੇ ਫਿਰ ਜਦੋਂ ਤੂੰ ਆਟੋ ਵੇਖਣ ਘਰੋਂ ਬਾਹਰ ਗਿਆ ਸੀ, ਮੈਂ ਸਾਈਕਲ ਤੋਂ ਬੈਗ ਚੁੱਕ ਕੇ ਕਮਰੇ ਵਿੱਚ ਰੱਖ ਦਿੱਤਾ ਸੀ," ਮੰਮੀ ਨੇ ਕਿਹਾ।

ਇਹ ਸਭ ਸੁਣ ਕੇ ਅਰਨਵ ਮੁਸਕਰਾਏ ਬਿਨਾਂ ਨਾ ਰਹਿ ਸਕਿਆ। ਪਾਪਾ ਨੂੰ ਅਪ੍ਰੈਲ ਫੂਲ ਬਣਾਉਣ ਦੇ ਚੱਕਰ ਵਿੱਚ ਉਹਦਾ ਆਪਣਾ ਅਪ੍ਰੈਲ ਫੂਲ ਬਣ ਗਿਆ ਸੀ।

ਥੋੜ੍ਹੀ ਦੇਰ ਬਾਅਦ ਜਦੋਂ ਮੰਮੀ ਰਸੋਈ ਵਿੱਚ ਖਾਣਾ ਬਣਾ ਰਹੇ ਸਨ, ਤਾਂ ਅਰਨਵ ਦੇ ਦਿਮਾਗ਼ ਵਿੱਚ ਮੰਮੀ ਨੂੰ ਅਪ੍ਰੈਲ ਫੂਲ ਬਣਾਉਣ ਦਾ ਵਿਚਾਰ ਆਇਆ। ਉਸਨੇ ਪਾਪਾ ਦੇ ਕੰਨ ਵਿੱਚ ਕੁਝ ਘੁਸਰ-ਮੁਸਰ ਕੀਤੀ ਅਤੇ ਜਦੋਂ ਮੰਮੀ ਖਾਣਾ ਲੈ ਕੇ ਆਏ, ਤਾਂ ਅਰਨਵ ਨੇ ਕਿਹਾ, "ਮੰਮੀ, ਦੀਪਕ ਮਾਮਾ ਨੇ ਥੋੜ੍ਹੀ ਦੇਰ ਪਹਿਲਾਂ ਹੀ ਫ਼ੋਨ ਕੀਤਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੂੰ ਜਬਲਪੁਰ ਤੋਂ ਇੱਕ ਜ਼ਰੂਰੀ ਦਫ਼ਤਰੀ ਮੀਟਿੰਗ ਲਈ ਅਚਾਨਕ ਏਥੇ ਆਉਣਾ ਪਿਆ ਅਤੇ ਉਹ ਮੀਟਿੰਗ ਪਿੱਛੋਂ ਸ਼ਾਮ ਨੂੰ ਕੁਝ ਚਿਰ ਲਈ ਸਾਡੇ ਕੋਲ ਆਉਣਗੇ।"

"ਓ ਵਾਹ! ਦੀਪੂ ਆ ਰਿਹਾ ਹੈ," ਮੰਮੀ ਨੇ ਖੁਸ਼ੀ ਨਾਲ ਝੂਮਦੇ ਹੋਏ ਕਿਹਾ।

"ਤਾਂ ਮੰਮੀ, ਤੁਸੀਂ ਮਾਮਾ ਜੀ ਦੀ ਪਸੰਦੀਦਾ ਸੌਗੀ ਦੀ ਖੀਰ ਕਿਉਂ ਨਹੀਂ ਬਣਾਉਂਦੇ?"

"ਠੀਕ ਹੈ, ਮੈਂ ਖੀਰ ਬਣਾਉਂਦੀ ਹਾਂ। ਖਾਣਾ ਮੈਂ ਬਾਅਦ ਵਿੱਚ ਖਾਵਾਂਗੀ," ਕਹਿ ਕੇ ਮੰਮੀ ਰਸੋਈ ਵਿੱਚ ਚਲੇ ਗਏ।

ਪਾਪਾ ਅਤੇ ਅਰਨਵ ਖਾਣਾ ਖਾ ਕੇ ਹਟੇ ਹੀ ਸਨ ਕਿ ਮੰਮੀ ਖੀਰ ਦੀ ਕਟੋਰੀ ਲੈ ਕੇ ਆ ਗਏ।

"ਕੀ ਖੀਰ ਇੰਨੀ ਜਲਦੀ ਤਿਆਰ ਹੋ ਗਈ?" ਅਰਨਵ ਨੇ ਪੁੱਛਿਆ।

"ਦੀਪੂ ਦੇ ਆਉਣ ਦੀ ਖੁਸ਼ੀ ਵਿੱਚ ਖੀਰ ਜਲਦੀ ਬਣ ਗਈ ਹੈ। ਲੈ, ਇਸਦਾ ਸੁਆਦ ਵੇਖ ਕੇ ਦੱਸ ਕਿ ਇਹ ਕਿਵੇਂ ਬਣੀ ਹੈ। ਦੀਪੂ ਦੇ ਆਉਣ 'ਤੇ ਅਸੀਂ ਸਾਰੇ ਇਕੱਠੇ ਖਾਵਾਂਗੇ," ਮੰਮੀ ਨੇ ਅਰਨਵ ਨੂੰ ਖੀਰ ਦੀ ਕਟੋਰੀ ਦਿੰਦੇ ਹੋਏ ਕਿਹਾ।

ਅਰਨਵ ਨੂੰ ਵੀ ਖੀਰ ਬਹੁਤ ਪਸੰਦ ਸੀ। ਉਸਨੇ ਜਲਦੀ ਨਾਲ ਆਪਣੀ ਮਾਂ ਦੇ ਹੱਥੋਂ ਕਟੋਰੀ ਲਈ ਅਤੇ ਇੱਕ ਚਮਚਾ ਆਪਣੇ ਮੂੰਹ ਵਿੱਚ ਪਾ ਲਿਆ।

"ਓ ਮੰਮੀ, ਇਹ ਤਾਂ ਖੀਰ ਲੱਗ ਹੀ ਨਹੀਂ ਰਹੀ," ਅਰਨਵ ਨੇ ਭੈੜਾ ਜਿਹਾ ਮੂੰਹ ਬਣਾਉਂਦੇ ਹੋਏ ਕਿਹਾ।

"ਕਿਉਂਕਿ ਇਹ ਖੀਰ ਬਿਲਕੁਲ ਨਹੀਂ ਹੈ। ਇਹ ਦੁੱਧ ਵਿੱਚ ਮਿਲਾਈ ਹੋਈ ਡਬਲਰੋਟੀ ਹੈ, ਬੇਟਾ!" ਮੰਮੀ ਨੇ ਹੱਸਦੇ ਹੋਏ ਕਿਹਾ।

ਉਦੋਂ ਹੀ ਪਾਪਾ ਦੇ ਮੋਬਾਈਲ ਫੋਨ ਤੇ "ਏਪ੍ਰਿਲ ਫੂਲ ਬਨਾਇਆ..." ਗੀਤ ਵੱਜਣਾ ਸ਼ੁਰੂ ਹੋ ਗਿਆ।

"ਬੇਟਾ! ਮੈਂ ਇੱਕ ਘੰਟਾ ਪਹਿਲਾਂ ਹੀ ਦੀਪੂ ਨਾਲ ਗੱਲ ਕੀਤੀ ਸੀ। ਉਹ ਤਾਂ ਦਫ਼ਤਰ ਵੱਲੋਂ ਕਿਸੇ ਟ੍ਰੇਨਿੰਗ ਲਈ ਮੁੰਬਈ ਗਿਆ ਹੋਇਆ ਹੈ," ਮੰਮੀ ਨੇ ਹੱਸਦੇ ਹੋਏ ਕਿਹਾ।

"ਬੇਟਾ, ਤੂੰ ਆਪਣੀ ਮੰਮੀ ਨੂੰ ਅਪ੍ਰੈਲ ਫੂਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਖੁਦ ਹੀ ਬਣ ਗਿਆ। ਫਿਰ ਤੋਂ ਅਪ੍ਰੈਲ ਫੂਲ! ਮੈਨੂੰ ਵੀ ਪਤਾ ਸੀ ਕਿ ਦੀਪਕ ਮੁੰਬਈ ਵਿੱਚ ਹੈ," ਪਾਪਾ ਨੇ ਹੱਸਦੇ ਹੋਏ ਕਿਹਾ।

"ਹੁਣ ਦੱਸ, ਤੂੰ ਅੱਜ ਕਿੰਨੀ ਵਾਰ ਅਪ੍ਰੈਲ ਫੂਲ ਬਣਿਆ ਹੈਂ?" ਮੰਮੀ ਨੇ ਮੁਸਕਰਾਉਂਦੇ ਹੋਏ ਪੁੱਛਿਆ।

"ਤਿੰਨ ਵਾਰ," ਅਰਨਵ ਨੇ ਝਿਜਕਦੇ ਹੋਏ ਜਵਾਬ ਦਿੱਤਾ।

"ਟ੍ਰਿਪਲ ਅਪ੍ਰੈਲ ਫੂਲ!" ਪਾਪਾ ਨੇ ਕਿਹਾ ਅਤੇ ਫਿਰ ਸਾਰੇ ਹੱਸਣ ਲੱਗ ਪਏ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# MANI GREWAL

STANISLAUS COUNTY | DISTRICT 4

**SUPERVISOR**

ਸਤ ਸ੍ਰੀ ਅਕਾਲ ਜੀ



**Stanislaus County Supervisor District-4** ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ

4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।

ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ

ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।

ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ




ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**

**ਸਤ ਸ਼੍ਰੀ ਅਕਾਲ ਜੀ**


CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ ਉਹ ਆਪਣਾ ਟਰੱਕ ਵੀ ਨਹੀਂ ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

### ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ


ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

**Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ**

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਰਾਸ਼ਟਰਪਤੀ ਟਰੰਪ ਨੇ ਐਚ-2ਬੀ ਵੀਜਾ ਕੋਟਾ ਕੀਤਾ ਬਹਾਲ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ




ਰਾਸ਼ਟਰਪਤੀ ਡੋਨਲਡ ਟਰੰਪ ਜਿਨਾਂ ਦਾ ਆਪਣਾ ਮਾਰ-ਏ-ਲਾਗੋ ਸਮੇਤ ਹੋਰ ਕਾਰੋਬਾਰ ਮੌਸਮੀ ਵਿਦੇਸ਼ੀ ਕਿਰਤੀਆਂ ਉਪਰ ਨਿਰਭਰ ਕਰਦਾ ਹੈ, ਨੇ ਐਚ-2 ਬੀ ਵੀਜਾ ਪ੍ਰੋਗਰਾਮ ਬਹਾਲ ਕਰ ਦਿੱਤਾ ਹੈ ਹਾਲਾਂ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੀ ਪ੍ਰਵਾਸੀਆਂ ਕਾਮਿਆਂ ਵਿਰੁੱਧ ਕਾਰਵਾਈ ਕਾਰਨ ਹੋਰ ਸਨਅਤਾਂ ਵੀ ਬੁਰੀ ਤਰਾਂ ਪ੍ਰਭਾਵਿਤ ਹਨ ਤੇ ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਹਨ। ਐਚ-2 ਬੀ ਪ੍ਰੋਗਰਾਮ ਤਹਿਤ ਗੈਰ ਖੇਤੀ ਸਨਅਤਾਂ ਦੇ ਅਮਰੀਕੀ ਮਾਲਕ ਜਿਵੇਂ ਮਹਿਮਾਨ ਨਿਵਾਜੀ, ਲੈਂਡਸਕੇਪਿੰਗ ਤੇ ਸੀਫੂਡ ਪ੍ਰਾਸੈਸਿੰਗ ਇਕਾਈਆਂ ਜੇਕਰ ਦੇਸ਼ ਵਿਚ ਕਿਰਤੀਆਂ ਦੀ ਘਾਟ ਹੋਵੇ ਤਾਂ ਵਿਦੇਸ਼ੀ ਕਾਮਿਆਂ ਨੂੰ ਆਰਜੀ ਤੌਰ 'ਤੇ ਕੰਮ 'ਤੇ ਰੱਖ ਸਕਦੀਆਂ ਹਨ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਚੁੱਪ ਚਪੀਤੇ ਮਹਿਮਾਨ ਨਿਵਾਜੀ, ਸੈਰ ਸਪਾਟਾ ਤੇ ਹੋਰ ਸਨਅਤੀ ਖੇਤਰਾਂ ਲਈ ਮੌਸਮੀ ਐਚ-2 ਬੀ ਪ੍ਰੋਗਰਾਮ ਨੂੰ ਖੋਲ ਦਿੱਤਾ ਹੈ। ਇਨਾਂ ਖੇਤਰਾਂ ਵਿੱਚ ਟਰੰਪ ਦੇ ਆਪਣੇ ਹਿੱਤ ਜੁੜੇ ਹੋਏ ਹਨ। ਰਿਪੋਰਟ ਅਨੁਸਾਰ ਟਰੰਪ ਨੇ ਇਸ ਸਾਲ ਦੇ ਸ਼ੁਰੂ ਵਿੱਚ ਰਿਜਾਰਟਸ ਤੇ ਗੋਲਫ਼ ਨਾਲ ਜੁੜੇ ਕਾਰੋਬਾਰੀਆਂ ਦੀ ਅਪੀਲ 'ਤੇ ਐਚ 2 ਬੀ ਵੀਜੇ ਪੂਰੀ ਤਰਾਂ ਬਹਾਲ ਕਰਨ ਲਈ ਦਖਲ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੇ ਉਸ ਸਮੇ ਹੋਏ ਵਿਚਾਰ ਵਟਾਂਦਰੇ ਨੂੰ ਜਨਤਿਕ ਨਹੀਂ ਕੀਤਾ ਸੀ ਪਰੰਤੂ ਇਸ ਵਿਚਾਰ ਵਟਾਂਦਰੇ ਨੇ ਵਿਦੇਸ਼ੀ ਆਰਜੀ ਕਾਮਿਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਵਿੱਚ ਤਬਦੀਲੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਕੁਝ ਹਫਤੇ ਪਹਿਲਾਂ ਟਰੰਪ ਪ੍ਰਸ਼ਾਸਨ ਦੁਆਰਾ ਮੋਟੇ ਤੌਰ 'ਤੇ ਮਾਲੀ ਸਾਲ 2026 ਲਈ 35000 ਵਾਧੂ ਐਚ-2 ਬੀ ਵੀਜਾ ਜਾਰੀ ਕਰਨ ਦੀ ਯੋਜਨਾ ਸੀ ਜੋ ਪਿਛਲੇ ਸਾਲਾਂ ਦੀ ਤੁਲਨਾ ਵਿੱਚ ਬਹੁਤ ਘੱਟ ਹਨ। ਟਰੰਪ ਦੇ ਹਿੱਤਾਂ ਨਾਲ ਜੁੜੇ ਕਾਰੋਬਾਰੀਆਂ ਵੱਲੋਂ ਪਾਏ ਦਬਾਅ ਦੇ ਸਿੱਟੇ ਵਜੋਂ ਟਰੰਪ ਪ੍ਰਸ਼ਾਸਨ ਨੇ ਪੂਰੇ 64716 ਵੀਜੇ ਜਾਰੀ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਅਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਨੇ ਆਪਣੇ ਹਿੱਤਾਂ ਨੂੰ ਮੁੱਖ ਰਖਦਿਆਂ ਮੌਸਮੀ ਕਿਰਤੀਆਂ ਨੂੰ ਸੱਦਣ ਦਾ ਰਾਹ ਖੋਲਿਆ ਹੈ ਜਦ ਕਿ ਉੱਚ ਹੁਨਰ 'ਤੇ ਨਿਰਭਰ ਖੇਤਰਾਂ ਲਈ ਐਚ-1 ਬੀ ਵੀਜਾ ਪ੍ਰੋਗਰਾਮ ਉਪਰ ਸਖਤ ਰੋਕਾਂ ਲਾਗੂ ਹਨ।

# ਡੈਮੋਕਰੈਟਸ ਵੱਲੋਂ ਰਾਸ਼ਟਰਪਤੀ ਖ਼ਿਲਾਫ਼ 25ਵੀਂ ਸੋਧ ਦੀ ਵਰਤੋਂ ਕਰਨ ਲਈ ਬਿੱਲ ਪੇਸ਼

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਡੈਮੋਕਰੈਟਸ ਕਾਂਗਰਸ ਮੈਂਬਰਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ 25ਵੀਂ ਸੋਧ ਦੀ ਵਰਤੋਂ ਲਈ ਇੱਕ ਬਿੱਲ ਪੇਸ਼ ਕੀਤਾ ਹੈ, ਜਿਸ ਤਹਿਤ ਇਕ ਕਮਿਸ਼ਨ ਬਣਾਉਣ ਦੀ ਵਿਵਸਥਾ ਹੈ, ਜੋ ਕਮਿਸ਼ਨ ਇਹ ਤੈਅ ਕਰੇਗਾ ਕਿ ਟਰੰਪ ਦਫਤਰ ਚਲਾਉਣ ਦੇ ਸਮਰੱਥ ਹੈ ਜਾਂ ਨਹੀਂ। ਹਾਊਸ ਜੁਡੀਸ਼ਰੀ ਕਮੇਟੀ ਦੇ ਸੀਨੀਅਰ ਮੈਂਬਰ ਜੈਮੀ ਰਸਕਿਨ ਜਿਨ੍ਹਾਂ ਦਾ 50 ਹੋਰ ਡੈਮੋਕਰੈਟਸ ਮੈਂਬਰਾਂ ਨੇ ਸਮਰਥਨ ਕੀਤਾ, ਵੱਲੋਂ ਪੇਸ਼ ਬਿੱਲ ਤਹਿਤ 17 ਮੈਂਬਰੀ ਪੈਨਲ ਬਣਾਉਣ ਦੀ ਤਜਵੀਜ਼ ਹੈ, ਜਿਸ ਨੂੰ 25ਵੀਂ ਸੋਧ ਦੇ ਸੈਕਸ਼ਨ 4 ਤਹਿਤ ਰਾਸ਼ਟਰਪਤੀ ਦੀ ਯੋਗਤਾ ਬਾਰੇ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਹਾਲਾਂਕਿ ਰਿਪਬਲੀਕਨਾਂ ਦੇ ਨਿਯੰਤਰਣ ਵਾਲੀ ਕਾਂਗਰਸ ਵਿਚ ਇਸ ਤਜਵੀਜ਼ ਦਾ ਵਿਰੋਧ ਹੋਣਾ ਤੈਅ ਹੈ। ਰਸਕਿਨ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ 'ਅਸੀਂ ਇਕ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਕਾਂਗਰਸ ਲਈ ਇਹ ਸਮਾਂ ਹੈ ਕਿ ਉਹ 25ਵੀਂ ਸੋਧ ਤਹਿਤ ਅਮਰੀਕੀ ਆਵਾਮ ਨੂੰ ਵਿਸਫੋਟਕ ਤੇ ਅਸਥਿਰ ਹਾਲਾਤ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਵੇ।"

# ਬ੍ਰਿਟਿਸ਼ ਨਾਗਰਿਕਤਾ: ਅਲਾਹਾਬਾਦ ਹਾਈਕੋਰਟ ਵੱਲੋਂ ਰਾਹੁਲ ਗਾਂਧੀ ਖ਼ਿਲਾਫ਼ ਕੇਸ ਦਰਜ ਕਰਨ ਦਾ ਹੁਕਮ

ਅਲਾਹਾਬਾਦ
ਸਾਂਝੀ ਸੋਚ ਬਿਊਰੋ



ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਦੋਹਰੀ ਨਾਗਰਿਕਤਾ ਦੇ ਮਾਮਲੇ ਵਿਚ ਅੱਜ ਕਾਂਗਰਸ ਨੇਤਾ ਰਾਹੁਲ ਗਾਂਧੀ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਕਿਹਾ ਹੈ ਕਿ ਮਾਮਲਾ ਦਰਜ ਕਰਕੇ ਇਸ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪੀ ਜਾਵੇ। ਇਹ ਫੈਸਲਾ ਕਰਨਾਟਕ ਦੇ ਭਾਜਪਾ ਵਰਕਰ ਐਸ. ਵਿਗਨੇਸ਼ ਸ਼ਿਸ਼ਿਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਆਇਆ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਰਾਹੁਲ ਗਾਂਧੀ ਕੋਲ ਬ੍ਰਿਟਿਸ਼ ਨਾਗਰਿਕਤਾ ਹੈ, ਜੋ ਕਿ ਭਾਰਤੀ ਕਾਨੂੰਨ ਅਨੁਸਾਰ ਗੈਰ-ਕਾਨੂੰਨੀ ਹੈ। ਇਸ ਤੋਂ ਪਹਿਲਾਂ 28 ਜਨਵਰੀ 2026 ਨੂੰ ਐੱਮ.ਪੀ.-ਐੱਮ.ਐੱਲ.ਏ. ਕੋਰਟ ਨੇ ਇਸ ਪਟੀਸ਼ਨ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਕੋਈ ਨਵਾਂ ਜਾਂ ਠੋਸ ਸਬੂਤ ਪੇਸ਼ ਨਹੀਂ ਕੀਤਾ ਗਿਆ ਪਰ ਹੁਣ ਹਾਈ ਕੋਰਟ ਨੇ ਇਸ ਮਾਮਲੇ ਵਿਚ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਸੁਣਵਾਈ ਦੌਰਾਨ ਜਸਟਿਸ ਸੁਭਾਸ਼ ਵਿਦਿਆਰਥੀ ਨੇ ਗ੍ਰਹਿ ਮੰਤਰਾਲੇ ਦੇ ਵਿਦੇਸ਼ੀ ਵਿਭਾਗ ਨੂੰ ਮਾਮਲੇ ਨਾਲ ਸਬੰਧਤ ਸਾਰੇ ਜ਼ਰੂਰੀ ਦਸਤਾਵੇਜ਼ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਮੰਤਰਾਲੇ ਨੇ ਇਸ ਕੇਸ ਨਾਲ ਜੁੜੀਆਂ 'ਟੌਪ ਸੀਕਰੇਟ' ਫਾਈਲਾਂ ਅਦਾਲਤ ਵਿਚ ਪੇਸ਼ ਕੀਤੀਆਂ ਹਨ। ਪਟੀਸ਼ਨਰ ਦਾ ਦਾਅਵਾ ਹੈ ਕਿ ਉਸ ਕੋਲ ਅਜਿਹੇ ਸਬੂਤ ਹਨ ਜੋ ਦਰਸਾਉਂਦੇ ਹਨ ਕਿ ਰਾਹੁਲ ਗਾਂਧੀ ਯੂਨਾਈਟਿਡ ਕਿੰਗਡਮ (ਯੂ.ਕੇ.) ਵਿਚ ਇੱਕ ਵੋਟਰ ਵਜੋਂ ਰਜਿਸਟਰਡ ਰਹੇ ਹਨ ਅਤੇ ਉੱਥੋਂ ਦੀਆਂ ਚੋਣਾਂ ਵਿਚ ਹਿੱਸਾ ਲਿਆ ਹੈ। ਇਸ ਮਾਮਲੇ ਵਿਚ ਰਾਹੁਲ ਗਾਂਧੀ 'ਤੇ ਭਾਰਤੀ ਨਿਆ ਸੰਹਿਤਾ (ਬੀ.ਐੱਨ.ਐੱਸ.) ਦੇ ਨਾਲ-ਨਾਲ ਆਫੀਸ਼ੀਅਲ ਸੀਕਰੇਟਸ ਐਕਟ, ਪਾਸਪੋਰਟ ਐਕਟ ਅਤੇ ਫਾਰਨਰਜ਼ ਐਕਟ ਦੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਚਲਾਉਣ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਇਸ ਨੂੰ ਕੌਮੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਵਿਸ਼ਾ ਮੰਨਿਆ ਹੈ।

# ਕੌਮੀ ਜਾਂਚ ਏਜੰਸੀ ਮਜ਼ਦੂਰ ਕਾਰਕੁਨ ਸ਼ਿਵ ਕੁਮਾਰ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ: ਜਮਹੂਰੀ ਫਰੰਟ

ਲੌਂਗੋਵਾਲ
ਸਾਂਝੀ ਸੋਚ ਬਿਊਰੋ



ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ ਪਾਲ ਅਤੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਕਾਰਕੁਨ ਸ਼ਿਵ ਕੁਮਾਰ ਨੂੰ ਕਥਿਤ "ਲਖਨਊ ਸਾਜ਼ਿਸ਼ ਕੇਸ" ਵਿੱਚ ਐੱਨ.ਆਈ.ਏ. ਵੱਲੋਂ ਨੋਟਿਸ ਜਾਰੀ ਕਰਨ ਅਤੇ ਵਾਰ-ਵਾਰ ਤੰਗ-ਪ੍ਰੇਸ਼ਾਨ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਅਜੈ ਕੁਮਾਰ, ਵਿਸ਼ਾਲ ਸਿੰਘ ਅਤੇ ਪ੍ਰਿਆਂਸ਼ੂ ਕਸ਼ਿਅਪ ਨੂੰ ਇਸੇ ਝੂਠੇ ਸਾਜ਼ਿਸ਼ ਕੇਸ ਦੇ ਤਹਿਤ ਜੇਲ੍ਹ ਵਿਚ ਡੱਕਿਆ ਹੋਇਆ ਹੈ ਅਤੇ ਹੋਰ ਜਮਹੂਰੀ ਕਾਰਕੁਨਾਂ ਨੂੰ ਪੁੱਛਗਿੱਛ ਲਈ ਬੁਲਾ ਕੇ ਅਤੇ ਨੋਟਿਸ ਜਾਰੀ ਕਰਕੇ ਵਾਰ-ਵਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਥਿਤ ਨਕਸਲੀ ਸੰਬੰਧਾਂ ਦੀ ਪੁੱਛਗਿੱਛ ਦੇ ਬਹਾਨੇ ਇਹ ਜਾਬਰ ਮੁਹਿੰਮ ਅਸਹਿਮਤੀ ਨੂੰ ਦਬਾਉਣ ਅਤੇ ਮਜ਼ਦੂਰ ਸੰਘਰਸ਼ਾਂ ਨੂੰ ਕੁਚਲਣ ਲਈ ਕੀਤੀ ਸੋਚੀ-ਸਮਝੀ ਕਾਰਵਾਈ ਹੈ ਜੋ ਪਿਛਲੇ ਦਿਨੀਂ ਦਿੱਲੀ ਪੁਲਿਸ ਵੱਲੋਂ ਨੌਜਵਾਨ ਲੜਕੀਆਂ ਸਮੇਤ ਵਿਦਿਆਰਥੀ ਕਾਰਕੁਨਾਂ, ਵਕੀਲਾਂ, ਟ੍ਰੇਡ ਯੂਨੀਅਨ ਆਗੂਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਲੈ ਕੇ ਤਸੀਹੇ ਦੇਣ ਦੇ ਜਾਬਰ ਹਮਲੇ ਦੇ ਰੂਪ ਵਿਚ ਸਾਹਮਣੇ ਆਈ ਸੀ। ਦਿੱਲੀ-ਕੌਮੀ ਰਾਜਧਾਨੀ ਖੇਤਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਉਜ਼ਰਤਾਂ ਵਿਚ ਵਾਧੇ ਲਈ ਮਜ਼ਦੂਰਾਂ ਦੇ ਤਾਜ਼ਾ ਸੰਘਰਸ਼ ਨੂੰ ਬਦਨਾਮ ਕਰਨ ਲਈ ਗੜਬੜ ਦੇ ਪਿੱਛੇ 'ਨਕਸਲੀ' ਅਤੇ 'ਆਈ.ਐੱਸ.ਆਈ' ਦਾ ਹੱਥ ਹੋਣ ਦਾ ਬਿਰਤਾਂਤ ਪ੍ਰਚਾਰਨ ਪਿੱਛੇ ਵੀ ਇਹੀ ਮਨੋਰਥ ਕੰਮ ਕਰ ਰਿਹਾ ਹੈ। ਸੱਤਾ ਦੇ ਇਸ਼ਾਰੇ 'ਤੇ ਪੁਲਿਸ-ਪ੍ਰਸ਼ਾਸਨ ਦੀ ਇਹ ਕੋਸ਼ਿਸ਼ ਹੈ ਕਿ ਨਿਰਦੋਸ਼ ਮਜ਼ਦੂਰਾਂ ਨੂੰ ਫੜ-ਫੜਕੇ ਝੂਠੇ ਕੇਸਾਂ ਦੇ ਤਹਿਤ ਜੇਲ੍ਹ ਵਿਚ ਡੱਕਣ ਵਿਰੁੱਧ ਕੋਈ ਵੀ ਇਨਸਾਫ਼ਪਸੰਦ ਜਮਹੂਰੀ ਕਾਰਕੁਨ ਸਾਹਮਣੇ ਆਉਣ ਦਾ ਹੌਸਲਾ ਨਾ ਕਰੇ। ਇਹ ਸੰਗਠਿਤ ਮਜ਼ਦੂਰ ਵਿਰੋਧ ਨੂੰ ਕਮਜ਼ੋਰ ਕਰਨ ਅਤੇ ਕੁਚਲਣ ਦੀ ਇੱਕ ਸੋਚੀ-ਸਮਝੀ ਰਣਨੀਤੀ ਹੈ। ਸ਼ਿਵ ਕੁਮਾਰ ਮਜ਼ਦੂਰ ਹੱਕਾਂ ਨੂੰ ਸਮਰਪਿਤ ਕਾਰਕੁਨ ਹੈ ਅਤੇ ਉਸਨੂੰ ਦਿੱਲੀ ਕਿਸਾਨ ਅੰਦੋਲਨ ਸਮੇਂ ਵੀ ਅਤੇ ਕੁਝ ਹਫ਼ਤੇ ਪਹਿਲਾਂ ਹੀ ਹੋਰ ਕਾਰਕੁਨਾਂ ਦੇ ਨਾਲ ਹਿਰਾਸਤ ਵਿਚ ਲੈ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਸਨ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਸ਼ਿਵ ਕੁਮਾਰ ਨੂੰ ਜਾਰੀ ਕੀਤਾ ਐੱਨ.ਆਈ.ਏਂ ਨੋਟਿਸ ਤੁਰੰਤ ਵਾਪਸ ਲਿਆ ਜਾਵੇ, ਕਥਿਤ ਲਖਨਊ ਸਾਜ਼ਿਸ਼ ਦੀ ਝੂਠੀ ਐੱਫ.ਆਈ.ਆਰ. ਰੱਦ ਕੀਤੀ ਜਾਵੇ ਅਤੇ ਗ੍ਰਿਫਤਾਰ ਕੀਤੇ ਸਾਰੇ ਕਾਰਕੁਨਾਂ ਨੂੰ ਰਿਹਾ ਕੀਤਾ ਜਾਵੇ। ਮਜ਼ਦੂਰ ਅੰਦੋਲਨਾਂ ਅਤੇ ਜਮਹੂਰੀ ਅਸਹਿਮਤੀ ਨੂੰ ਅਪਰਾਧ ਬਣਾਉਣਾ ਬੰਦ ਕੀਤਾ ਜਾਵੇ। ਨੋਇਡਾ ਸਮੇਤ ਕੌਮੀ ਰਾਜਧਾਨੀ ਖੇਤਰ ਵਿਚ ਮਜ਼ਦੂਰ ਸੰਘਰਸ਼ਾਂ ਉੱਪਰ ਜਬਰ ਬੰਦ ਕੀਤਾ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਮਜ਼ਦੂਰਾਂ ਨੂੰ ਤੁਰੰਤ, ਬਿਨਾਂ ਸ਼ਰਤ ਰਿਹਾ ਕੀਤਾ ਜਾਵੇ।



# RAKHI ISRANI

## Democrat for U.S. Congress



ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**

## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ


## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ। ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st
May
Sunday
Red Carpet
02:00 pm
Show Time
03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

# ਕੈਨੇਡਾ 'ਚ 30 ਹਜ਼ਾਰ ਸ਼ਰਨਾਰਥੀਆਂ ਨੂੰ ਨੋਟਿਸ ਜਾਰੀ ਨਵੇਂ ਇਮੀਗ੍ਰੇਸ਼ਨ ਬਿੱਲ ਤੋਂ ਬਾਅਦ ਪੰਜਾਬੀ ਵੀ ਪ੍ਰਭਾਵਿਤ

ਓਟਵਾ
ਸਾਂਝੀ ਸੋਚ ਬਿਊਰੋ

ਬਿੱਲ ਸੀ-12 ਪਾਸ ਹੋਣ ਤੋਂ ਬਾਅਦ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ 30,000 ਸ਼ਰਨਾਰਥੀਆਂ ਨੂੰ ਨੋਟਿਸ ਜਾਰੀ ਕੀਤੇ ਹਨ। ਵਿਰੋਧ ਵਿੱਚ, ਪੰਜਾਬੀ ਵਿਦਿਆਰਥੀਆਂ ਨੇ ਦੂਜੇ ਦੇਸ਼ਾਂ ਦੇ ਵਿਦਿਆਰਥੀਆਂ ਦੇ ਨਾਲ ਮਿਲ ਕੇ 15, 16 ਅਤੇ 17 ਅਪ੍ਰੈਲ ਨੂੰ ਵਿਨੀਪੈਗ ਵਿੱਚ ਪ੍ਰਦਰਸ਼ਨ ਕੀਤੇ, ਸਰਕਾਰ ਤੋਂ ਵਰਕ ਪਰਮਿਟ ਰੱਦ ਨਾ ਕਰਨ ਜਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੀ ਮੰਗ ਕੀਤੀ। ਕੈਨੇਡਾ ਸਰਕਾਰ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋ ਗਈ ਹੈ ਅਤੇ ਜੋ ਇਸ ਸਮੇਂ ਸ਼ਰਨਾਰਥੀ ਵਜੋਂ ਰਹਿ ਰਹੇ ਹਨ, ਉਨ੍ਹਾਂ ਨੂੰ ਉਨ੍ਹਾਂ ਦੀ ਅਯੋਗਤਾ ਦੇ ਆਧਾਰਾਂ ਬਾਰੇ ਦੱਸਣ ਲਈ ਕਿਹਾ ਗਿਆ ਹੈ। ਨੋਟਿਸ 'ਚ ਪੁੱਛਿਆ ਗਿਆ ਹੈ ਉਨ੍ਹਾਂ ਨੇ ਕੈਨੇਡਾ ਪਹੁੰਚਣ ਦੇ ਇੱਕ ਸਾਲ ਦੇ ਅੰਦਰ ਸ਼ਰਣ ਲਈ ਅਰਜ਼ੀ ਨਹੀਂ ਦਿੱਤੀ ਹੈ, ਅਤੇ ਉਨ੍ਹਾਂ ਦੀ ਸ਼ਰਣ ਅਰਜ਼ੀ ਨੂੰ ਰੱਦ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ? ਸ਼ਰਨਾਰਥੀਆਂ ਨੂੰ ਆਪਣੇ ਮੂਲ ਦੇਸ਼ ਦੀ ਡਾਕਟਰੀ ਰਿਪੋਰਟ, ਐਮਰਜੈਂਸੀ ਜਾਂ ਜਾਨਲੇਵਾ ਸਥਿਤੀ ਦੇ ਦਸਤਾਵੇਜ਼ਾਂ ਦੀ ਲੋੜ ਹੋਵੇਗੀ। ਸਾਰਿਆਂ ਤੋਂ 21 ਦਿਨਾਂ ਦੇ ਅੰਦਰ, ਯਾਨੀ 3 ਮਈ ਤੱਕ ਜਵਾਬ ਮੰਗੇ ਗਏ ਹਨ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਨਿਰਧਾਰਤ ਸਮੇਂ ਦੇ ਅੰਦਰ ਜਵਾਬ ਨਹੀਂ ਮਿਲਦਾ, ਤਾਂ ਵਰਕ ਪਰਮਿਟ ਰੱਦ ਕਰ ਦਿੱਤਾ ਜਾਵੇਗਾ




ਅਤੇ ਦੇਸ਼ ਨਿਕਾਲਾ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਕੈਨੇਡਾ ਸਰਕਾਰ ਦੇ ਇਸ ਫੈਸਲੇ ਕਾਰਨ, ਵੱਡੀ ਗਿਣਤੀ ਵਿੱਚ ਪੰਜਾਬੀ ਵਿਦਿਆਰਥੀ ਕਾਨੂੰਨੀ ਸਲਾਹ ਲੈ ਰਹੇ ਹਨ। ਇਮੀਗ੍ਰੇਸ਼ਨ ਡੇਟਾ ਦੇ ਅਨੁਸਾਰ, ਨੋਟਿਸਾਂ ਵਾਲੇ 30 ਹਜ਼ਾਰ ਲੋਕਾਂ ਵਿੱਚ ਲਗਭਗ 9 ਹਜ਼ਾਰ ਪੰਜਾਬੀ ਸ਼ਾਮਲ ਹਨ। ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਨਵਾਂ ਕਾਨੂੰਨ ਬਿੱਲ ਸੀ-12 ਲਾਗੂ ਕਰਨ ਦਾ ਉਦੇਸ਼ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੀ ਪਛਾਣ ਕਰਨਾ ਹੈ। ਨਵੇਂ ਬਿੱਲ ਵਿੱਚ, ਸ਼ਰਨਾਰਥੀਆਂ ਦੀ ਸੁਣਵਾਈ ਹੁਣ ਸ਼ਰਨਾਰਥੀ ਬੋਰਡ ਵਿੱਚ ਨਹੀਂ ਹੋਵੇਗੀ। ਪਹਿਲਾਂ, ਜੇਕਰ ਕੋਈ ਵਰਕ ਪਰਮਿਟ ਤੋਂ ਬਿਨਾਂ ਕੰਮ ਕਰਦਾ ਫੜਿਆ ਜਾਂਦਾ ਸੀ, ਤਾਂ ਉਸਦੀ ਸੁਣਵਾਈ ਸ਼ਰਨਾਰਥੀ ਬੋਰਡ ਦੁਆਰਾ ਕੀਤੀ ਜਾਂਦੀ ਸੀ, ਜਿਸ ਵਿੱਚ ਕਈ ਸਾਲ ਲੱਗ ਜਾਂਦੇ ਸਨ। ਬਿੱਲ ਸੀ-12 ਕੈਨੇਡਾ ਦਾ ਇਮੀਗ੍ਰੇਸ਼ਨ ਕਾਨੂੰਨ ਹੈ, ਜੋ ਹਾਲ ਹੀ ਵਿੱਚ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਪੇਸ਼ ਕੀਤਾ ਗਿਆ ਹੈ। ਪੁਰਾਣੇ ਨਿਯਮਾਂ ਦੇ ਤਹਿਤ, ਕੋਈ ਵੀ ਕੈਨੇਡਾ ਪਹੁੰਚਣ ਤੋਂ ਬਾਅਦ ਕਿਸੇ ਵੀ ਸਮੇਂ ਸ਼ਰਣ ਲਈ ਅਰਜ਼ੀ ਦੇ ਸਕਦਾ ਸੀ, ਅਤੇ ਉਨ੍ਹਾਂ ਦਾ ਕੇਸ ਸਾਲਾਂ ਤੱਕ ਲਟਕਦਾ ਰਹੇਗਾ। ਹਾਲਾਂਕਿ, ਨਵੇਂ ਕਾਨੂੰਨ ਵਿੱਚ ਹੁਣ ਪਹੁੰਚਣ ਦੇ ਇੱਕ ਸਾਲ ਦੇ ਅੰਦਰ ਸ਼ਰਣ ਦਾ ਦਾਅਵਾ ਦਾਇਰ ਕਰਨ ਦੀ ਲੋੜ ਹੈ। ਅਜਿਹਾ ਨਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਸੁਣਵਾਈ ਦੇ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਨੋਟਿਸ ਇਸ ਲਈ ਜਾਰੀ ਕੀਤਾ ਗਿਆ ਸੀ ਕਿਉਂਕਿ ਇਹ ਕਾਨੂੰਨ 2025 ਵਿੱਚ ਲਾਗੂ ਹੋਇਆ ਸੀ। ਪਹਿਲਾਂ, ਨਿਵਾਸੀ ਵੀ ਇਸਦੇ ਦਾਇਰੇ ਵਿੱਚ ਆਉਂਦੇ ਸਨ। ਬਹੁਤ ਸਾਰੇ ਪੰਜਾਬੀ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੰਮ ਕਰ ਰਹੇ ਹਨ, ਜਾਂ ਤਾਂ ਵਰਕ ਪਰਮਿਟ 'ਤੇ ਜਾਂ ਸ਼ਰਣ ਦੇ ਨਾਲ। ਭਾਰਤੀ ਵਿਦਿਆਰਥੀ ਨਵੇਂ ਕਾਨੂੰਨ ਦਾ ਲਗਾਤਾਰ ਵਿਰੋਧ ਕਰ ਰਹੇ ਹਨ ਅਤੇ ਸ਼ਰਣ ਦੀ ਮੰਗ ਕਰ ਰਹੇ ਹਨ।

# ਅਮਰੀਕੀ ਫੌਜਾਂ ਨੇ 12 ਸਾਲਾਂ ਬਾਅਦ ਛੱਡਿਆ ਸੀਰੀਆ, ਫੌਜਾਂ ਦੀ ਜਾਰਡਨ ਹੋਈ ਵਾਪਸੀ

ਸੀਰੀਆ
ਸਾਂਝੀ ਸੋਚ ਬਿਊਰੋ

ਲਗਭਗ 12 ਸਾਲਾਂ ਦੀ ਫੌਜੀ ਮੌਜੂਦਗੀ ਤੋਂ ਬਾਅਦ, ਅਮਰੀਕਾ ਨੇ ਸੀਰੀਆ ਤੋਂ ਆਪਣੀਆਂ ਸਾਰੀਆਂ ਫੌਜਾਂ ਵਾਪਸ ਲੈ ਲਈਆਂ ਹਨ ਅਤੇ ਫੌਜੀ ਅੱਡੇ ਖਾਲੀ ਕਰ ਦਿੱਤੇ ਹਨ। ਆਖਰੀ ਅਮਰੀਕੀ ਕਾਫਲਾ ਅਪ੍ਰੈਲ 2026 ਵਿੱਚ ਹਸਾਕਾਹ ਵਿੱਚ ਕਾਸਰਕ ਏਅਰ ਬੇਸ ਤੋਂ ਰਵਾਨਾ ਹੋਇਆ। ਇਸ ਤੋਂ ਬਾਅਦ, ਸੀਰੀਆ ਦੀ ਸਰਕਾਰ ਨੇ ਸਾਰੇ ਠਿਕਾਣਿਆਂ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਸੀਰੀਆ ਦੇ ਵਿਦੇਸ਼ ਮੰਤਰਾਲੇ ਦੇ ਅਨੁਸਾਰ, ਇਹ ਕਦਮ ਦੇਸ਼ ਨੂੰ ਇਕਜੁੱਟ ਕਰਨ ਅਤੇ ਪੂਰੇ ਖੇਤਰ 'ਤੇ ਸਰਕਾਰੀ ਨਿਯੰਤਰਣ ਸਥਾਪਤ ਕਰਨ ਵਿੱਚ ਇੱਕ ਵੱਡਾ ਮੋੜ ਦਰਸਾਉਂਦਾ ਹੈ। ਅਮਰੀਕੀ ਕੇਂਦਰੀ ਕਮਾਂਡ ਨੇ ਪੁਸ਼ਟੀ ਕੀਤੀ ਕਿ ਲਗਭਗ 2,000 ਫੌਜਾਂ ਜਾਰਡਨ ਛੱਡ ਰਹੀਆਂ ਹਨ। ਅਮਰੀਕਾ ਨੇ ਹਸਾਕਾਹ, ਰੁਮੈਲਾਨ ਅਤੇ ਡੇਰ ਏਜ਼-ਜ਼ੋਰ ਵਿੱਚ ਘੱਟੋ-ਘੱਟ ਸੱਤ ਵੱਡੇ ਠਿਕਾਣਿਆਂ ਨੂੰ ਖਾਲੀ ਕਰ ਦਿੱਤਾ ਹੈ। ਆਖਰੀ ਅੱਡਾ ਕਾਸਰਕ ਏਅਰ ਬੇਸ ਸੀ, ਜੋ ਹੁਣ ਸੀਰੀਆਈ ਫੌਜ ਦੇ ਨਿਯੰਤਰਣ ਵਿੱਚ ਹੈ। ਇਸ ਦੌਰਾਨ, ਸੀਰੀਆ ਦੀ ਸਰਕਾਰ ਅਤੇ ਐਸਡੀਐਫ ਵਿਚਕਾਰ ਇੱਕ ਸਮਝੌਤੇ ਤੋਂ ਬਾਅਦ, ਕੁਰਦ ਲੜਾਕਿਆਂ ਨੂੰ ਰਾਸ਼ਟਰੀ ਫੌਜ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਸਰਕਾਰੀ ਬਲਾਂ ਨੂੰ ਹਸਾਕਾ ਅਤੇ ਕਮੀਸ਼ਲੀ ਵਰਗੇ ਸ਼ਹਿਰਾਂ ਵਿੱਚ ਤਾਇਨਾਤ ਕੀਤਾ ਗਿਆ ਹੈ, ਅਤੇ ਦਮਿਸ਼ਕ ਨੇ ਸਰਹੱਦੀ ਖੇਤਰਾਂ 'ਤੇ ਆਪਣਾ ਕੰਟਰੋਲ ਵਧਾ ਦਿੱਤਾ ਹੈ। ਇਸ ਸਾਲ ਦੋਵਾਂ ਧਿਰਾਂ ਵਿਚਕਾਰ ਝੜਪਾਂ ਵੀ ਹੋਈਆਂ, ਜਿਸ ਕਾਰਨ ਮਾਰਚ ਵਿੱਚ ਇੱਕ ਨਵਾਂ ਸਮਝੌਤਾ ਹੋਇਆ। ਇਸ ਸਮਝੌਤੇ ਦੇ ਤਹਿਤ, ਐਸਡੀਐਫ ਅਤੇ ਕੁਰਦ ਪ੍ਰਸ਼ਾਸਕੀ ਢਾਂਚਿਆਂ ਨੂੰ ਹੌਲੀ-ਹੌਲੀ ਰਾਜ ਵਿੱਚ ਜੋੜਨ ਦੀ ਪ੍ਰਕਿਰਿਆ ਸ਼ੁਰੂ ਹੋਈ। ਸੀਰੀਆ ਨੇ ਹਾਲ ਹੀ ਵਿੱਚ ਅੰਤਰਰਾਸ਼ਟਰੀ ਆਈ ਐਸ ਆਈ ਐਲ ਵਿਰੋਧੀ ਗੱਠਜੋੜ ਵਿੱਚ ਸ਼ਾਮਲ ਹੋ ਕੇ ਆਪਣੀ ਭੂਮਿਕਾ ਬਦਲੀ ਹੈ। ਇਸਨੇ ਸੀਰੀਆ ਵਿੱਚ ਅਮਰੀਕਾ ਦੀ ਫੌਜੀ ਮੌਜੂਦਗੀ ਨੂੰ ਕਮਜ਼ੋਰ ਕਰ ਦਿੱਤਾ, ਅਤੇ ਇਹ ਹੁਣ ਖੇਤਰ ਵਿੱਚ ਆਪਣੀ ਰਣਨੀਤੀ ਨੂੰ ਮੁੜ ਪਰਿਭਾਸ਼ਿਤ ਕਰ ਰਿਹਾ ਹੈ।




ਐਸਡੀਐਫ ਇੱਕ ਕੁਰਦਿਸ਼-ਅਗਵਾਈ ਵਾਲਾ ਗੱਠਜੋੜ ਹੈ ਜੋ 2015 ਵਿੱਚ ਬਣਿਆ ਸੀ ਅਤੇ ਇਸ ਵਿੱਚ ਕੁਰਦਿਸ਼, ਅਰਬ ਅਤੇ ਹੋਰ ਸਥਾਨਕ ਸਮੂਹ ਸ਼ਾਮਲ ਹਨ। ਸੀਰੀਆ ਦੇ ਘਰੇਲੂ ਯੁੱਧ ਦੌਰਾਨ, ਜਦੋਂ ਸਰਕਾਰ ਕਮਜ਼ੋਰ ਹੋ ਗਈ, ਕੁਰਦਿਸ਼ ਲੜਾਕਿਆਂ ਨੇ ਉੱਤਰ-ਪੂਰਬੀ ਖੇਤਰ ਦੇ ਖੇਤਰਾਂ 'ਤੇ ਕਬਜ਼ਾ ਕਰ ਲਿਆ ਅਤੇ ਬਾਅਦ ਵਿੱਚ ਐਸਡੀਐਫ ਦੇ ਰੂਪ ਵਿੱਚ ਇੱਕ ਮਜ਼ਬੂਤ ਤਾਕਤ ਬਣ ਗਿਆ ਸੀ।

# ਸੁਖਬੀਰ ਬਾਦਲ ਦਾ 'ਮੰਡੀ ਦੌਰਾ' ਇੱਕ 'ਸਿਆਸੀ ਡਰਾਮਾ' ਸਾਬਤ ਹੋਇਆ ਖਰੀਦ ਦੇ ਸੱਚ ਨੇ ਅਕਾਲੀ ਦਲ ਦੇ ਕੂੜ ਪ੍ਰਚਾਰ ਦਾ ਪਰਦਾਫਾਸ਼ ਕੀਤਾ: ਬਲਜੀਤ ਕੌਰ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ


ਪੰਜਾਬ ਦੇ ਕੈਬਨਿਟ ਮੰਤਰੀ ਅਤੇ ਮਲੋਟ ਤੋਂ ਵਿਧਾਇਕ ਬਲਜੀਤ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਦੇ ਮਲੋਟ ਅਨਾਜ ਮੰਡੀ ਦੇ ਤਾਜ਼ਾ ਦੌਰੇ ਦਾ ਕਰਾਰਾ ਜਵਾਬ ਦਿੰਦਿਆਂ ਉਨ੍ਹਾਂ 'ਤੇ ਕਿਸਾਨਾਂ ਦੀ ਕੀਮਤ 'ਤੇ ਗਲਤ ਜਾਣਕਾਰੀ ਫੈਲਾਉਣ ਅਤੇ "ਸਿਆਸੀ ਨੌਟੰਕੀ" ਕਰਨ ਦਾ ਦੋਸ਼ ਲਾਇਆ। ਸਥਿਤੀ ਨੂੰ ਸਪੱਸ਼ਟ ਕਰਦਿਆਂ ਬਲਜੀਤ ਕੌਰ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਕੈਬਨਿਟ ਮੀਟਿੰਗ ਹੋਣ ਕਾਰਨ ਉਹ ਬਾਦਲ ਦੇ ਦੌਰੇ ਵਾਲੇ ਦਿਨ ਮਲੋਟ ਵਿੱਚ ਮੌਜੂਦ ਨਹੀਂ ਸਨ। ਉਨ੍ਹਾਂ ਕਿਹਾ, "ਜੇਕਰ ਉਹ ਮੇਰੀ ਮੌਜੂਦਗੀ ਵਿੱਚ ਆਉਂਦੇ, ਤਾਂ ਮੈਂ ਖੁਦ ਉਨ੍ਹਾਂ ਦਾ ਸਵਾਗਤ ਕਰਦੀ ਅਤੇ ਉਨ੍ਹਾਂ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਉਂਦੀ।" ਖਰੀਦ ਸ਼ੁਰੂ ਨਾ ਹੋਣ ਦੇ ਦਾਅਵਿਆਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ, "ਜਿਸ ਕਿਸਾਨ ਦੀ ਖਰੀਦ ਮੈਂ ਸ਼ੁਰੂ ਕਰਵਾਈ ਸੀ, ਉਸ ਦੀ ਫਸਲ ਉਸੇ ਦਿਨ ਖਰੀਦੀ ਗਈ ਸੀ। ਜੇਕਰ ਕੋਈ ਕਿਸਾਨ ਕਈ ਦਿਨਾਂ ਦੇ ਵਕਫੇ ਤੋਂ ਬਾਅਦ ਵਾਰ-ਵਾਰ ਕਣਕ ਲੈ ਕੇ ਆਉਂਦਾ ਹੈ, ਤਾਂ ਖਰੀਦ ਇੱਕ ਉਚਿਤ ਕਤਾਰ ਸਿਸਟਮ ਦੇ ਤਹਿਤ ਹੁੰਦੀ ਹੈ। ਮੈਂ ਪਹਿਲਾਂ ਹੀ ਮੰਡੀ ਵਿੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੀ ਕਿ ਹਰ ਕਿਸਾਨ ਨੂੰ ਉਸਦੀ ਵਾਰੀ ਨਿਰਪੱਖਤਾ ਨਾਲ ਮਿਲੇਗੀ ਅਤੇ ਕਿਸੇ ਨੂੰ ਵੀ ਬੇਲੋੜੀ ਤਰਜੀਹ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿਆਸੀ ਲਾਹੇ ਲਈ ਤੱਥਾਂ ਨੂੰ ਤੋੜਿਆ-ਮਰੋੜਿਆ ਨਹੀਂ ਜਾਣਾ ਚਾਹੀਦਾ ਅਤੇ ਲੋਕਾਂ ਨੂੰ ਗੁੰਮਰਾਹ ਹੋਣ ਤੋਂ ਪਹਿਲਾਂ ਅਸਲੀਅਤ ਨੂੰ ਸਮਝਣ ਦੀ ਅਪੀਲ ਕੀਤੀ। ਵਿਆਪਕ ਸਿਆਸੀ ਹਮਲਾ ਕਰਦਿਆਂ ਬਲਜੀਤ ਕੌਰ ਨੇ ਕਿਹਾ, "ਇਹ ਕਿੰਨੀ ਅਜੀਬ ਗੱਲ ਹੈ ਕਿ ਜੋ ਆਗੂ ਕਦੇ ਆਪਣੇ ਮਹਿਲਾਂ ਤੱਕ ਸੀਮਤ ਰਹਿੰਦੇ ਸਨ, ਅੱਜ ਉਹ ਜਨਤਾ ਤੱਕ ਪਹੁੰਚਣ ਲਈ ਮਜਬੂਰ ਹਨ। ਉਹ ਬਜ਼ੁਰਗਾਂ ਨੂੰ ਵੀ ਸਿਆਸਤ ਵਿੱਚ ਘਸੀਟ ਰਹੇ ਹਨ ਅਤੇ ਉਨ੍ਹਾਂ ਦੇ ਸ਼ਬਦਾਂ ਦੀ ਵਰਤੋਂ ਟ੍ਰੋਲਿੰਗ ਅਤੇ ਪ੍ਰਚਾਰ ਲਈ ਕਰ ਰਹੇ ਹਨ। ਹਾਲ ਹੀ ਵਿੱਚ ਗੜੇਮਾਰੀ ਕਾਰਨ ਪੈਦਾ ਹੋਏ ਸੰਕਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਕਈ ਕਿਸਾਨਾਂ ਦੀ ਫਸਲ ਦਾ ਭਾਰੀ ਨੁਕਸਾਨ ਹੋਇਆ ਹੈ। ਅਸੀਂ ਲਗਾਤਾਰ ਕੇਂਦਰ ਨੂੰ ਅਪੀਲ ਕਰਦੇ ਰਹੇ ਕਿ ਖਰਾਬ ਹੋਈ ਕਣਕ ਲਈ ਛੋਟ ਦਿੱਤੀ ਜਾਵੇ। ਹਾਲਾਂਕਿ, ਪ੍ਰਵਾਨਗੀ ਪੱਤਰ 17 ਅਪ੍ਰੈਲ ਨੂੰ ਹੀ ਆਇਆ ਹੈ। ਕਿਉਂਕਿ ਖਰੀਦ ਕੇਂਦਰ ਸਰਕਾਰ ਵੱਲੋਂ ਕੀਤੀ ਜਾਂਦੀ ਹੈ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਪਾਰਲੀਮੈਂਟ ਵਿੱਚ ਪੰਜਾਬ ਦੇ ਇਸ ਖੇਤਰ ਦੀ ਨੁਮਾਇੰਦਗੀ ਕਰਨ ਵਾਲੀ ਹਰਸਿਮਰਤ ਕੌਰ ਬਾਦਲ ਨੇ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਇਹ ਰਾਹਤ ਦਿਵਾਉਣ ਲਈ ਸਮੇਂ ਸਿਰ ਪਹਿਲਕਦਮੀ ਕਿਉਂ ਨਹੀਂ ਕੀਤੀ?" ਉਨ੍ਹਾਂ ਅੱਗੇ ਯਾਦ ਦਿਵਾਇਆ ਕਿ ਜਿਹੜੇ ਅੱਜ ਕਿਸਾਨਾਂ ਦੇ ਨਾਲ ਖੜ੍ਹੇ ਹੋਣ ਦਾ ਦਾਅਵਾ ਕਰ ਰਹੇ ਹਨ, ਉਨ੍ਹਾਂ ਨੇ ਹੀ ਵਿਵਾਦਤ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ, ਕਿਸਾਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਨਾਜ਼ੁਕ ਸਮੇਂ ਵਿੱਚ ਕੌਣ ਉਨ੍ਹਾਂ ਦੇ ਨਾਲ ਖੜ੍ਹਾ ਸੀ ਅਤੇ ਕੌਣ ਉਨ੍ਹਾਂ ਦੇ ਵਿਰੁੱਧ ਸੀ।"ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਚਾਹੇ ਉਹ ਕਿਸਾਨ ਹੋਣ ਜਾਂ ਬੇਜ਼ੁਬਾਨ ਜਾਨਵਰ, ਅਸੀਂ ਹਰ ਸੰਕਟ ਵਿੱਚ ਸਹਾਇਤਾ ਯਕੀਨੀ ਬਣਾ ਰਹੇ ਹਾਂ। ਹਾਲ ਹੀ ਵਿੱਚ, ਅਸੀਂ ਪ੍ਰਭਾਵਿਤ ਪਿੰਡਾਂ ਵਿੱਚ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਲੋਕਾਂ ਦੀ ਭਲਾਈ ਲਈ ਇਮਾਨਦਾਰੀ ਨਾਲ ਕੰਮ ਕਰਨਾ ਜਾਰੀ ਰੱਖੇਗੀ, ਮੌਕਾਪ੍ਰਸਤ ਰਾਜਨੀਤੀ ਕਰਨ ਵਾਲਿਆਂ ਨੂੰ ਬੇਨਕਾਬ ਕਰੇਗੀ।

# Dr. B.R. Ambedkar's 135th Birth Anniversary Celebrations






April 14, 1891—December 6, 1956




**Sri Guru Ravidass Sabha will be celebrating the 135th Birth Anniversary of**

**Babasaheb Dr. B. R. Ambedkar**

**on April 19, 2026, Starting at 10:00 AM**



## GRAND OPENING OF DR.B.R. AMBEDKAR LIBRARY EDUCATION CENTER

The event will also mark opening of the library and 'Dr. B. R. Ambedkar Education Center' at 2220 Crestview Drive, Pittsburg, CA.



## Installation of Statue of Dr. B.R. Ambedkar

Witness the unveiling of Babasaheb's statue.



**Honorable Chandershekhar Azad**,
Member of Parliament,
will be the chief guest and main speaker.

For more information please call:
Vinod Kumar at 408-718-2506 or Sunita Singh 415—233-3319
Sri Guru Ravidass Temple
2150 Crestview Drive
Pittsburg, CA 94565


ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੨॥
ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ
ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)
1930 Sikh Temple St. Stockton CA95206 (A Historical Land Mark of CA)
ਖਾਲਸਾ ਪੰਥ ਦੇ ਸਾਜਨਾ ਦਿਵਸ – ਵਿਸਾਖੀ ਨੂੰ ਸਮਰਪਿਤ
21ਵਾਂ ਮਹਾਨ ਨਗਰ ਕੀਰਤਨ
19 ਅਪ੍ਰੈਲ 2026 (ਐਤਵਾਰ)
ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 19 ਅਪ੍ਰੈਲ 5 ਤੋਂ 9 ਵਜੇ ਤੱਕ
ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 19 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 327ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ।
ਸਵੇਰੇ 11:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ
ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਦੀ ਸ਼ੁਰੂਆਤ ਹੋਵੇਗੀ
ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ (ਸ੍ਰੀ ਫ਼ਤਹਿਗੜ੍ਹ ਸਾਹਿਬ)
ਢਾਢੀ ਫੌਜਾ ਸਿੰਘ ਸਾਗਰ
ਭਾਈ ਗੁਰਕਿਰਤ ਸਿੰਘ ਜੀ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)
ਭਾਈ ਬਲਵਿੰਦਰ ਸਿੰਘ ਲੋਪਕੇ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)
ਕਵੀਸ਼ਰੀ ਜਥਾ ਭਾਈ ਮਹਿਲ ਸਿੰਘ (ਚੰਡੀਗੜ੍ਹ ਵਾਲੇ)
ਗਿਆਨੀ ਗੁਰਸੇਵਕ ਸਿੰਘ ਜੀ (ਹੈਡ ਗ੍ਰੰਥੀ, ਗੁਰਦੁਆਰਾ ਸਾਹਿਬ ਸਟਾਕਟਨ)
ਸੇਵਾਵਾਂ ਲਈ ਸੰਪਰਕ
ਫਲੈਟਾਂ ਦੀ ਸੇਵਾ
ਭਾਈ ਗੁਲਵਿੰਦਰ ਸਿੰਘ ਢਿੰਡਾ (209) 487-3699
ਭਾਈ ਸੰਦੀਪ ਸਿੰਘ (209) 513-0508
ਲੰਗਰ ਸੇਵਾ
ਭਾਈ ਗੁਰਚਰਨ ਸਿੰਘ (510) 432-4304
ਭਾਈ ਸੁਖਜਿੰਦਰ ਸਿੰਘ (209) 360-3142
ਭਾਈ ਗੁਰਇੰਦਰ ਸਿੰਘ (209) 993-4767
ਦੁਕਾਨਾਂ ਦੀ ਜਾਣਕਾਰੀ
ਭਾਈ ਪਰਮਜੀਤ ਸਿੰਘ ਨਿੱਝਰ (510) 377-5320
ਭਾਈ ਪ੍ਰਭਜੋਤ ਸਿੰਘ (510) 938-7840
ਅੰਮ੍ਰਿਤ ਸੰਚਾਰ
ਭਾਈ ਜਤਿੰਦਰ ਸਿੰਘ 'ਪੰਮਾ' (209) 993 7954
ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਸੇਵਾ
18 ਅਪ੍ਰੈਲ 2026 (ਸ਼ਨੀਵਾਰ)
ਸਵੇਰੇ 8:00 ਵਜੇ
Parking Arrangement » Fairgrounds, 1658 South Airport Way, Stockton, CA 95206
ਸੰਗਤਾਂ ਲਈ Bus & Van ਦੀ ਖਾਸ ਸੁਵਿਧਾ ਉਪਲਬਧ
ਸਭ ਸੰਗਤਾਂ ਨੂੰ ਬੇਨਤੀ:ਆਪਣੇ ਪਰਿਵਾਰਾਂ ਸਮੇਤ ਵੱਧ ਚੜ੍ਹਕੇ ਪਹੁੰਚੋ ਅਤੇ
ਇਸ ਪਵਿੱਤਰ ਨਗਰ ਕੀਰਤਨ 'ਚ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਬੁਨਿਆਦੀ ਢਾਂਚੇ ਦਾ ਕਾਇਆ-ਕਲਪ ਲਗਾਤਾਰ ਜਾਰੀ: ਹਰਭਜਨ ਸਿੰਘ ਈਟੀਓ

**ਅੰਮ੍ਰਿਤਸਰ**
**ਧੈਰਿਆ ਮਹਿਰਾ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਸੜਕੀ ਵਿਕਾਸ ਕਾਰਜਾਂ ਦੀ ਪ੍ਰਗਤੀ ਸਾਂਝੀ ਕਰਦਿਆਂ ਦੱਸਿਆ ਕਿ ਰਾਜ ਵਿੱਚ ਸੜਕੀ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ 45,000 ਕਿਲੋਮੀਟਰ ਲੰਬੀਆਂ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਸਰਕਾਰ ਦਾ ਮੁੱਖ ਟੀਚਾ ਪੰਜਾਬ ਦੇ ਹਰ ਪਿੰਡ ਨੂੰ ਬਿਹਤਰੀਨ ਸੜਕੀ ਨੈੱਟਵਰਕ ਨਾਲ ਜੋੜਨਾ ਹੈ ਤਾਂ ਜੋ ਪੇਂਡੂ ਆਰਥਿਕਤਾ ਨੂੰ ਹੁਲਾਰਾ ਮਿਲ ਸਕੇ। ਕੈਬਨਿਟ ਮੰਤਰੀ ਨੇ ਸੜਕਾਂ ਦੀ ਗੁਣਵੱਤਾ ਅਤੇ ਟਿਕਾਊਪਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਸਖ਼ਤ ਨਿਯਮ ਲਾਗੂ ਕੀਤੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੜਕ ਬਣਨ ਤੋਂ ਬਾਅਦ ਅਗਲੇ 5 ਸਾਲਾਂ ਤੱਕ ਜੇਕਰ ਸੜਕ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ, ਤਾਂ ਉਸ ਦੀ ਮੁਰੰਮਤ ਦੀ ਪੂਰੀ ਜ਼ਿੰਮੇਵਾਰੀ ਸਬੰਧਤ ਕੰਟਰੈਕਟਰ (ਠੇਕੇਦਾਰ) ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਨਿਰਮਾਣ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਉੱਚ ਗੁਣਵੱਤਾ ਯਕੀਨੀ ਬਣਾਉਣ ਲਈ 'ਮੁੱਖ ਮੰਤਰੀ ਫਲਾਇੰਗ ਸਕੁਐਡ' ਦਾ ਗਠਨ ਕੀਤਾ ਗਿਆ ਹੈ, ਜੋ ਸਿੱਧੇ ਤੌਰ 'ਤੇ ਨਿਗਰਾਨੀ ਕਰ ਰਿਹਾ ਹੈ। ਇਸ ਦੇ



ਨਾਲ ਹੀ ਇੱਕ ਵਿਸ਼ੇਸ਼ 'ਕੁਆਲਿਟੀ ਕੰਟਰੋਲ ਸੈੱਲ' ਵੀ ਸਰਗਰਮ ਹੈ ਅਤੇ ਵਿਭਾਗ ਦੇ ਅਧਿਕਾਰੀ ਸਮੇਂ-ਸਮੇਂ 'ਤੇ ਅਚਨਚੇਤ ਨਿਰੀਖਣ ਕਰ ਰਹੇ ਹਨ। ਈਟੀਓ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਵਿਕਾਸ ਕਾਰਜਾਂ ਦੀ ਮਾਨੀਟਰਿੰਗ ਕਰ ਰਹੇ ਹਨ। ਕਈ ਥਾਵਾਂ 'ਤੇ ਉਨ੍ਹਾਂ ਨੇ ਖੁਦ ਨਿਰਮਾਣ ਕਾਰਜਾਂ ਦਾ ਜ਼ਮੀਨੀ ਨਿਰੀਖਣ ਕੀਤਾ ਹੈ। ਸਰਕਾਰ ਦਾ ਸਪੱਸ਼ਟ ਸੰਦੇਸ਼ ਹੈ ਕਿ ਸੜਕ ਨਿਰਮਾਣ ਵਿੱਚ ਕਿਸੇ ਵੀ ਤਰ੍ਹਾਂ ਦੀ ਘਟੀਆ ਜਾਂ ਨੀਵੇਂ ਦਰਜੇ ਦੀ ਸਮੱਗਰੀ ਦੀ ਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭ੍ਰਿਸ਼ਟਾਚਾਰ ਅਤੇ ਲਾਪਰਵਾਹੀ ਪ੍ਰਤੀ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਜਾ ਰਹੀ ਹੈ। ਤਕਨੀਕੀ ਨਵੀਨਤਾ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਵਿੱਚ ਪਹਿਲੀ ਵਾਰ 'ਫੁੱਲ ਡੈਪਥ ਰੈਕਲੀਮੇਸ਼ਨ' (ਐਫਡੀਆਰ) ਵਰਗੀ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਤਕਨੀਕ ਤਹਿਤ ਮੌਜੂਦਾ ਸਮੇਂ ਵਿੱਚ 540 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਐਫਡੀਆਰ ਤਕਨੀਕ ਦੀ ਖਾਸੀਅਤ ਇਹ ਹੈ ਕਿ ਇਸ ਵਿੱਚ ਸੜਕ ਦਾ ਪੱਧਰ ਘਰਾਂ ਦੇ ਪੱਧਰ ਅਨੁਸਾਰ ਰੱਖਿਆ ਜਾਂਦਾ ਹੈ, ਜਿਸ ਨਾਲ ਜਲ-ਥਲ (ਪਾਣੀ ਭਰਨ) ਦੀ ਸਮੱਸਿਆ ਨਹੀਂ ਹੁੰਦੀ। ਜਲਦੀ ਹੀ ਇਸ ਤਕਨੀਕ ਦਾ ਘੇਰਾ ਵਧਾ ਕੇ ਸੂਬੇ ਦੀਆਂ ਹੋਰ ਸੜਕਾਂ ਨੂੰ ਵੀ ਇਸ ਦੇ ਅਧੀਨ ਕਵਰ ਕੀਤਾ ਜਾਵੇਗਾ। ਮੰਤਰੀ ਨੇ ਇਹ ਵੀ ਸਾਂਝਾ ਕੀਤਾ ਕਿ ਪਿਛਲੇ ਦਿਨੀਂ ਹੋਈ ਬੇਮੌਸਮੀ ਬਾਰਸ਼ ਕਾਰਨ ਨਿਰਮਾਣ ਕਾਰਜਾਂ ਵਿੱਚ ਕੁਝ ਦੇਰੀ ਜ਼ਰੂਰ ਹੋਈ ਹੈ, ਪਰ ਵਿਭਾਗ ਹੁਣ ਦੁੱਗਣੀ ਰਫ਼ਤਾਰ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜੂਨ ਤੱਕ 45,000 ਕਿਲੋਮੀਟਰ ਸੜਕਾਂ ਦਾ ਮਿੱਥਿਆ ਟੀਚਾ ਪੂਰਾ ਕਰ ਲਿਆ ਜਾਵੇਗਾ, ਜਿਸ ਨਾਲ ਪੰਜਾਬ ਦੇ ਵਸਨੀਕਾਂ ਨੂੰ ਸੁਖਾਲੇ ਅਤੇ ਸੁਰੱਖਿਅਤ ਸਫ਼ਰ ਦੀ ਸਹੂਲਤ ਮਿਲੇਗੀ।

# ਨੇਪਾਲ 'ਚ ਸਭ ਤੋਂ ਵੱਡੀ ਭ੍ਰਿਸ਼ਟਾਚਾਰ ਜਾਂਚ ਸ਼ੁਰੂ: 7 ਸਾਬਕਾ ਪ੍ਰਧਾਨ ਮੰਤਰੀ, 3 ਰਾਸ਼ਟਰਪਤੀ, ਰਾਜਾ ਦੀਆਂ ਜਾਇਦਾਦਾਂ ਦੀ ਜਾਂਚ ਅਧੀਨ

## 100 ਮੰਤਰੀ ਅਤੇ ਅਧਿਕਾਰੀ ਵੀ ਜਾਂਚ ਅਧੀਨ

**ਕਾਠਮੰਡੂ**
**ਸਾਂਝੀ ਸੋਚ ਬਿਊਰੋ**

ਨੇਪਾਲ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਸ਼ੁਰੂ ਹੋ ਗਈ ਹੈ। ਪ੍ਰਧਾਨ ਮੰਤਰੀ ਬਲੇਨ ਸ਼ਾਹ ਦੀ ਸਰਕਾਰ ਨੇ 2006 ਤੋਂ 2025-26 ਤੱਕ ਜਨਤਕ ਅਹੁਦੇ ‘ਤੇ ਰਹੇ ਲੋਕਾਂ ਦੀਆਂ ਜਾਇਦਾਦਾਂ ਦੀ ਜਾਂਚ ਲਈ ਪੰਜ ਮੈਂਬਰੀ ਨਿਆਂਇਕ ਪੈਨਲ ਦਾ ਗਠਨ ਕੀਤਾ ਹੈ। 2005-06 ਤੋਂ ਬਾਅਦ ਦੇ ਸਾਰੇ ਸੱਤ ਪ੍ਰਧਾਨ ਮੰਤਰੀ ਜਾਂਚ ਵਿੱਚ ਸ਼ਾਮਲ ਹਨ: ਸੁਸ਼ੀਲ ਕੋਇਰਾਲਾ, ਪੁਸ਼ਪ ਕਮਲ ਦਹਲ, ਮਾਧਵ ਕੁਮਾਰ ਨੇਪਾਲ, ਝਲਾਨਾਥ ਖਨਾਲ, ਬਾਬੂਰਾਮ ਭੱਟਾਰਾਈ, ਕੇਪੀ ਸ਼ਰਮਾ ਓਲੀ ਅਤੇ ਸ਼ੇਰ ਬਹਾਦੁਰ ਦੇਉਬਾ। ਦੋ ਅੰਤਰਿਮ ਸਰਕਾਰਾਂ ਦੇ ਮੁਖੀ, ਖਿਲਰਾਜ ਰੇਗਮੀ ਅਤੇ ਸੁਸ਼ੀਲਾ ਕਾਰਕੀ, ਵੀ ਜਾਂਚ ਅਧੀਨ ਹੋਣਗੇ। ਸਾਬਕਾ ਰਾਜਾ ਗਿਆਨੇਂਦਰ



ਸ਼ਾਹ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਜਾਵੇਗਾ। ਤਿੰਨ ਹੋਰ ਰਾਸ਼ਟਰਪਤੀ, ਰਾਮ ਬਰਨ ਯਾਦਵ, ਵਿਦਿਆ ਦੇਵੀ ਭੰਡਾਰੀ ਅਤੇ ਮੌਜੂਦਾ ਰਾਸ਼ਟਰਪਤੀ ਰਾਮਚੰਦਰ ਪੌਡੇਲ ਵੀ ਜਾਂਚ ਅਧੀਨ ਹੋਣਗੇ। ਇਹ ਜਾਂਚ ਸਿਰਫ਼ ਵੱਡੇ ਆਗੂਆਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿੱਚ ਮੰਤਰੀ, ਸੰਵਿਧਾਨਕ ਅਹੁਦਿਆਂ ‘ਤੇ ਬੈਠੇ 100 ਤੋਂ ਵੱਧ ਲੋਕ ਅਤੇ ਸੀਨੀਅਰ ਨੌਕਰਸ਼ਾਹ ਵੀ ਸ਼ਾਮਲ ਹੋਣਗੇ। ਇਹ ਜਾਂਚ ਨੇਪਾਲ ਵਿੱਚ ਰਾਜਸ਼ਾਹੀ ਦੇ ਅੰਤ ਤੋਂ ਬਾਅਦ ਦੇ ਪੂਰੇ ਸਮੇਂ ਨੂੰ ਕਵਰ ਕਰੇਗੀ। ਇਸਦਾ ਮਤਲਬ ਹੈ ਕਿ 2006 ਤੋਂ ਬਾਅਦ ਲਗਭਗ ਪੂਰੀ ਰਾਜਨੀਤਿਕ ਲੀਡਰਸ਼ਿਪ ਹੁਣ ਜਾਂਚ ਦੇ ਘੇਰੇ ਵਿੱਚ ਹੈ। ਖਾਸ ਤੌਰ ‘ਤੇ, ਇਹ ਜਾਂਚ ਸ਼ਾਹ ਸਰਕਾਰ ਦੇ ਆਪਣੇ ਰਾਜਨੀਤਿਕ ਦਾਇਰੇ ਤੱਕ ਫੈਲ ਸਕਦੀ ਹੈ। ਰਿਪੋਰਟਾਂ ਦੇ ਅਨੁਸਾਰ, ਮੌਜੂਦਾ ਸਪੀਕਰ ਡੋਲ ਪ੍ਰਸਾਦ ਅਰਿਆਲ, ਮੰਤਰੀ ਬਿਰਾਜਭਗਤ ਸ਼੍ਰੇਸ਼ਠ ਅਤੇ ਸ਼ਿਸ਼ਿਰ ਖਨਾਲ, ਅਤੇ ਉਨ੍ਹਾਂ ਦੀ ਆਪਣੀ ਪਾਰਟੀ, ਰਾਸ਼ਟਰੀ ਸੁਤੰਤਰ ਪਾਰਟੀ ਦੇ ਮੁਖੀ ਰਵੀ ਲਾਮਿਛਾਨੇ, ਵੀ ਜਾਂਚ ਦੇ ਘੇਰੇ ਵਿੱਚ ਆ ਸਕਦੇ ਹਨ, ਕਿਉਂਕਿ ਉਹ ਪਹਿਲਾਂ ਜਨਤਕ ਅਹੁਦੇ ‘ਤੇ ਰਹਿ ਚੁੱਕੇ ਹਨ। ਖਾਸ ਤੌਰ ‘ਤੇ, ਇਹ ਜਾਂਚ ਉਨ੍ਹਾਂ ਨੇਤਾਵਾਂ ਦੀ ਵੀ ਕੀਤੀ ਜਾਵੇਗੀ ਜੋ ਹੁਣ ਜ਼ਿੰਦਾ ਨਹੀਂ ਹਨ। ਨਤੀਜੇ ਵਜੋਂ, ਉਨ੍ਹਾਂ ਦੇ ਪਰਿਵਾਰਾਂ ਅਤੇ ਰਾਜਨੀਤਿਕ ਵਾਰਸਾਂ ਦੀਆਂ ਜਾਇਦਾਦਾਂ ਦੀ ਵੀ ਜਾਂਚ ਕੀਤੀ ਜਾ ਸਕਦੀ ਹੈ। ਇਸ ਵਿੱਚ ਗਿਰੀਜਾ ਪ੍ਰਸਾਦ ਕੋਇਰਾਲਾ ਅਤੇ ਸੁਸ਼ੀਲ ਕੋਇਰਾਲਾ ਵਰਗੇ ਨੇਤਾਵਾਂ ਦੇ ਪਰਿਵਾਰ ਸ਼ਾਮਲ ਹੋ ਸਕਦੇ ਹਨ।

# ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੱਡੀ ਕਾਰਵਾਈ: ਸਥਾਨਕ ਰਾਮ ਨਗਰ ਬਸਤੀ ਵਿਖੇ ਨਾਜਾਇਜ਼ ਜਾਇਦਾਦ/ਉਸਾਰੀ ਉੱਤੇ ਚੱਲਿਆ ਪੀਲਾ ਪੰਜਾ

**ਸੰਗਰੂਰ**
**ਸਾਂਝੀ ਸੋਚ ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਸੰਗਰੂਰ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਨੂੰ ਹੋਰ ਤੇਜ਼ ਕੀਤਾ ਗਿਆ ਹੈ। ਇਸ ਮੁਹਿੰਮ ਦੇ ਤਹਿਤ ਅੱਜ ਸਥਾਨਕ ਰਾਮ ਨਗਰ ਬਸਤੀ ਵਿੱਖੇ ਨਜਾਇਜ ਜਾਇਦਾਦ ਦੀ ਉਸਾਰੀ ਤੇ "ਪੀਲਾ ਪੰਜਾ" ਚਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਪੀ. ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਰਾਮ ਨਗਰ ਬਸਤੀ ਦੀ ਰਹਿਣ ਵਾਲੀ ਕੰਵਲਜੀਤ ਕੌਰ ਉਰਫ ਕਾਲੋਂ ਦੇ ਨਜਾਇਜ਼ ਤੌਰ ‘ਤੇ ਉਸਾਰੇ ਮਕਾਨ ਖ਼ਿਲਾਫ਼ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਾਂਝੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਐਸ ਐਸ ਪੀ ਸੰਗਰੂਰ ਸਰਤਾਜ ਸਿੰਘ ਚਾਹਲ ਦੀ



ਅਗਵਾਈ ਹੇਠ ਕਾਨੂੰਨ ਦੇ ਦਾਇਰੇ ਵਿੱਚ ਰਹਿੰਦਿਆਂ ਨਸ਼ਾ ਤਸਕਰੀ ਨਾਲ ਜੁੜੇ ਅਪਰਾਧੀਆਂ ‘ਤੇ ਕੜੀ ਕਾਰਵਾਈ ਕੀਤੀ ਜਾ ਰਹੀ ਹੈ। ਐਸ.ਪੀ. ਵਿਰਕ ਨੇ ਦੱਸਿਆ ਕਿ ਕੰਵਲਜੀਤ ਕੌਰ ਉਰਫ ਕਾਲੋਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ 5 ਮੁਕੱਦਮੇ ਦਰਜ ਹਨ, ਜਦਕਿ ਉਸ ਦੇ ਪਰਿਵਾਰ ਦੇ ਮੈਂਬਰਾਂ ‘ਤੇ ਵੀ ਕੁੱਲ 15 ਮਾਮਲੇ ਵੱਖ-ਵੱਖ ਥਾਣਿਆਂ ਵਿੱਚ ਦਰਜ ਹਨ। ਇਹ ਕਾਰਵਾਈ ਨਸ਼ਾ ਤਸਕਰਾਂ ਨੂੰ ਸਖ਼ਤ ਸੰਦੇਸ਼ ਦੇਣ ਲਈ ਕੀਤੀ ਗਈ ਹੈ ਕਿ ਗੈਰਕਾਨੂੰਨੀ ਧੰਦੇ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੁੜ ਦੁਹਰਾਇਆ ਕਿ ਪੰਜਾਬ ਪੁਲਿਸ ਦੀ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ‘ਤੇ ਸੰਗਰੂਰ ਪੁਲਿਸ ਪੂਰੀ ਤਰ੍ਹਾਂ ਅਡੋਲ ਹੈ ਅਤੇ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਖ਼ਾਤਮੇ ਲਈ ਪੁਲਿਸ ਦਾ ਸਾਥ ਦੇਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਜਾਣਕਾਰੀ ਸਾਂਝੀ ਕਰਨ।





ਸੁਆਦ ਜੋ ਦਿਲ ਜਿੱਤ ਲਵੇ !

# 'Sidhu Catering'

ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ

1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ

ਸ਼ੁੱਧ ਅਤੇ ਸੁਆਦੀ ਖਾਣਾ

ਟਿਫ਼ਨ ਸਰਵਿਸ ਉਪਲਬਧ ਹੈ

ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '

California ਵਿੱਚ ਕਿਤੇ ਵੀ ਪਾਓ Catering ਦੀ ਸੇਵਾ



'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !

ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ

ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 187**

ਗਉੜੀ ਮ: ੫ ॥

ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥ ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥ {ਪੰਨਾ 187}

ਭਾਵ ਅਰਥ:-

ਹੇ ਮੇਰੇ ਮਾਲਕਾ ! ਤੇਰੇ ਅਨੇਕਾਂ (ਰੂਪ ਨੇ) ਮੈਨੂੰ ਦੱਸ ਮੈਂ ਤੇਰੇ ਕਿਹੜੇ ਰੂਪ ਦੀ ਇਬਾਦਤ ਕਰਾਂ,ਜੋਗ ਸਾਧਨਾ ਲਈ ਮੈਂ ਕਿਹੜਾ ਰੂਪ ਧਾਰਣ ਕਰਾਂ ?॥੧॥

ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦਾ ਗੁਣਗਾਨ ਕਰਾਂ ਤੇ ਤੈਨੂੰ ਕਿਸ ਤਰਾਂ ਮਨਾਵਾਂ॥੧॥ ਰਹਾਉ ॥

ਤੇਰੀ ਕਿਹੜੀ ਸਿਫਤ ਸਲਾਹ ਕਰਾਂ ਤੇ ਉਸਦਾ ਤਰੀਕਾ ਵੀ ਦੱਸ ਤਾਂ ਜੋ ਇਸ ਵਿਸ਼ਾਲ ਸੰਸਾਰ ਸਾਗਰ ਤੋਂ ਪਾਰ ਉੱਤਰ ਸਕਾਂ॥੨॥

ਉਹ ਤੇਰਾ ਕਿਹੜਾ ਨਾਮ ਜਪਣਾ ਕਰਾਂ,ਤਾਂ ਜੋ ਹੰਕਾਰ ਦਾ ਕੋਹੜ੍ਹ ਧੋਤਾ ਜਾ ਸਕੇ॥੩॥

ਹੇ ਨਾਨਕ! ਪੂਰਣ ਸਾਵਧਾਨੀ ਤੇ ਜਾਨਕਾਰੀ ਨਾਲ ਕੀਤੀ ਬੰਦਗੀ ਹੀ ਪੂਰੀ ਤਰਾਂ ਖਰੀ ਉਤਰਦੀ ਹੈ,ਤੇ ਇਹ ਸੱਚੇ ਪਾਤਸ਼ਾਹ ਦੇ ਦਿਆਲ ਹੋਣ ਤੇ ਹੀ ਮਨੁੱਖ ਨੂੰ ਹਾਸਿਲ ਹੁੰਦੀ ਹੈ॥੪॥

ਉਸੇ ਮਨੁੱਖ ਨੂੰ ਪ੍ਰਭੂ ਦੇ ਗੁਣਾਂ ਦਾ ਗਿਆਨ ਹੁੰਦਾ ਹੈ,ਜਿਸ ਉਪਰ ਉਹ ਕਿਰਪਾਲ ਹੋ ਜਾਵੇ ਤੇ ਫਿਰ ਉਸ ਉੱਪਰ ਓਹ ,ਸੁਖਾਂ ਦੀ ਵਾਛੜ ਕਰ ਦਿੰਦਾ ਹੈ॥੧॥ ਰਹਾਉ ਦੂਜਾ॥

ਗਉੜੀ ਮਹਲਾ ੫ ॥

ਆਪਨ ਤਨੁ ਨਹੀ ਜਾ ਕੋ ਗਰਬਾ ॥ ਰਾਜ ਮਿਲਖ ਨਹੀ ਆਪਨ ਦਰਬਾ ॥੧॥ ਆਪਨ ਨਹੀ ਕਾ ਕਉ ਲਪਟਾਇਓ ॥ ਆਪਨ ਨਾਮੁ ਸਤਿਗੁਰ ਤੇ ਪਾਇਓ ॥੧॥ ਰਹਾਉ ॥ ਸੁਤ ਬਨਿਤਾ ਆਪਨ ਨਹੀ ਭਾਈ ॥ ਇਸਟ ਮੀਤ ਆਪ ਬਾਪੁ ਨ ਮਾਈ ॥੨॥ ਸੁਇਨਾ ਰੂਪਾ ਫੁਨਿ ਨਹੀ ਦਾਮ ॥ ਹੈਵਰ ਗੈਵਰ ਆਪਨ ਨਹੀ ਕਾਮ ॥੩॥ ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥੪॥੩੭॥੧੦੬॥ {ਪੰਨਾ 187}

ਭਾਵ ਅਰਥ:-

ਹੇ ਭਾਈ,ਇਹ ਤਨ, ਧਨ ਮਾਲ ਜਾਇਦਾਦ ਜਿਹੜਾ ਤੇਰਾ ਆਪਣਾ ਹੈ ਹੀ ਨਹੀਂ ਉਸ ਦਾ ਮਾਣ ਕਿਉਂ ਕਰਨਾ॥੧॥

ਜਦੋਂ ਆਪਣਾ ਨਾਮ ਤੱਕ ਤੂੰ ਸੱਚੇ ਗੁਰੂ ਤੋਂ ਪਾਇਆ ਹੈ ,ਤੇਰੀ ਕੋਈ ਵੀ ਵਸਤੂ ਆਪਣੀ ਨਹੀਂ ਹੈ, ਫਿਰ ਤੂੰ ਇਹਨਾਂ ਨੂੰ ਚਿੰਬੜਦਾ ਕਿਉਂ ਪਿਆ ਹੈਂ॥੧। ਰਹਾਉ॥

ਨਾ ਹੀ ਤੇਰਾ ਕੋਈ ਮਾਂ ਬਾਪ ਧੀਆਂ ਪੁੱਤਰ ਪਤਨੀ ਅਤੇ ਮਿੱਤਰ ਪਿਆਰਾ ਆਪਣਾ ਹੈ, ॥੨॥

ਨਾ ਤੇਰਾ ਕੋਈ ਲਾਲ ਹੀਰੇ ਮੋਤੀ ਜਵਾਹਰਾਤ ਸੋਨਾ ਚਾਂਦੀ ਨਾ ਹੀ ਹਾਥੀ ਘੋੜੇ ਤੇਰੇ ਕਿਸੇ ਕੰਮ ਦੇ ਨੇ॥੩॥

ਹੇ ਨਾਨਕ ! ਸਿਰਫ ਉਸ ਨੂੰ ਆਪਣਾ ਮੰਨ ਜਿਸ ਨੂੰ ਗੁਰੂ ਨੇ ਕਿਰਪਾ ਕਰਕੇ ਤੈਨੂੰ ਮਿਲਾਇਆ ਹੈ, ਭਾਵ ,ਪ੍ਰਭੂ ਪਰਮੇਸ਼ਰ ਨੂੰ। ਇਸ ਤਰਾਂ ਉਹ ਇਨਸਾਨ ਸਮਝ ਲਵੇ ਕਿ ਸਾਰੀਆਂ ਲੋੜੀਂਦੀਆਂ ਵਸਤਾਂ ਅਤੇ ਖਜ਼ਾਨੇ ਮਿਲ ਪਏ ਹਨ ॥੪॥

ਗਉੜੀ ਮਹਲਾ ੫ ॥

ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥ ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥ ਸਤਿਗੁਰ ਅਪੁਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥੧॥ ਰਹਾਉ ॥ ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ ਅਹੰਬੁਧਿ ਤਿਨਿ ਸਗਲ ਤਿਆਗੀ ॥੨॥ ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥੩॥ ਗੁਰੁ ਸੁਖਦਾਤਾ ਗੁਰੁ ਕਰਤਾਰੁ ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥੪॥੩੮॥੧੦੭॥ {ਪੰਨਾ 187}

ਭਾਵ ਅਰਥ:-

ਜਦੋਂ ਗੁਰੂ ਦੇ ਚਰਨ ਮੇਰੇ ਮਸਤਕ ਨੂੰ ਛੋਹਣਗੇ ਤਾਂ ਹੀ ਮੇਰੇ ਸਾਰੇ ਦੁੱਖ ਦਰਦ ਦੂਰ ਹੋ ਜਾਣਗੇ (ਭਾਵ ਇਹ ਕਿ ਗੁਰੂ ਜਦੋਂ ਮੈਨੂੰ ਮਾਰਗ ਦਰਸ਼ਨ ਕਰਕੇ ਪ੍ਰਭੂ ਪਰਮਾਤਮਾ ਨਾਲ ਮਿਲਾ ਦਵੇਗਾ ਤਾਂ ਹੀ ਮੇਰੇ ਜੀਵਨ ਵਿੱਚਲੇ ਸਾਰੇ ਦੁੱਖਾਂ ਤੋਂ ਮੈਨੂੰ ਨਿਯਾਤ ਮਿਲ ਜਾਏਗੀ)॥੧॥

ਹੇ ਬੰਦੇ! ਆਪਣੇ ਆਪ ਨੂੰ ਸੱਚੇ ਗੁਰੂ ਉਪਰੋਂ ਵਾਰਨ ਲਈ ਤਿਆਰ ਰਹਿ, ਤੇ ਜਦੋਂ ਤੂੰ ਆਪਣੇ ਅੰਦਰੇ ਨੂੰ ਪਛਾਣ ਲਏਂਗਾ ਤਾਂ ਉਸ ਆਤਮਿਕ ਰੰਗ ਨੂੰ ਮਾਣੇਗਾ, ਖੁਸ਼ੀ ਆਨੰਦ ਤੈਨੂੰ ਆਪਣੇ ਆਪ ਮਿਲ ਜਾਣਗੇ॥੧॥ ਰਹਾਉ॥

ਜਦੋਂ ਤੇਰੇ ਮਸਤਕ ਨੂੰ ਗੁਰੂ ਦੀ ਚਰਨ ਰੇਣੁਕਾ ਲੱਗ ਗਈ ਭਾਵ ਤੂੰ ਉਹਦੇ ਚਰਨ ਕਮਲ ਚੁੰਮ ਲਏ ਤੇ ਉਹਦੇ ਚਰਨਾਂ ਨਾਲ ਲੱਗੀ ਧੂੜ ਤੇਰੇ ਬੁੱਲਾਂ ਨੂੰ ਲੱਗ ਗਈ ਤਾਂ ਤੇਰਾ ਸਾਰਾ ਅਹੰਕਾਰ ਮਿਟ ਜਾਏਗਾ ਤੇ ਬੁੱਧੀ ਨਿਰਮਲ ਹੋ ਜਾਏਗੀ॥੨॥

ਜਦੋਂ ਤੋਂ ਮੈਨੂੰ ਗੁਰੂ ਦਾ ਸ਼ਬਦ ਪਿਆਰਾ ਲੱਗਣ ਲੱਗ ਗਿਆ ਤਾਂ ਸਮਝੋ ,ਮੈਂ ਉਸ ਦੀ ਕਿਰਪਾ ਨਾਲ ਉਸ ਪਾਰਬ੍ਰਹਮ ਪਰਮੇਸ਼ਵਰ ਦੇ ਇੱਕ ਤਰਾਂ ਦਰਸ਼ਨ ਕਰ ਲਏ॥੩॥

ਗੁਰੂ ਹੀ ਅਸਲ ਵਿੱਚ ਸਾਰੇ ਸੁੱਖਾਂ ਦਾ ਦੇਣਹਾਰ ਹੈ ਤੇ ਇੱਕ ਤਰਾਂ ਨਾਲ ਪ੍ਰਭੂ ਅਕਾਲ ਪੁਰਖ ਆਪ ਹੀ ਹੈ। ਹੇ ਨਾਨਕ! ਦੂਜੇ ਅਰਥਾਂ ਵਿੱਚ ਕਿਹਾ ਜਾਵੇ ਤਾਂ ਉਹ ਗੁਰੂ ਹੀ ਸਾਡੇ ਜੀਵਨ ਦਾ ਆਧਾਰ ਬਣਦਾ ਹੈ॥੪॥

ਗਉੜੀ ਮਹਲਾ ੫ ॥

ਰੇ ਮਨ ਮੇਰੇ ਤੂੰ ਤਾ ਕਉ ਆਹਿ ॥ ਜਾ ਕੈ ਊਣਾ ਕਛਹੂ ਨਾਹਿ ॥੧॥ ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥੧॥ ਰਹਾਉ ॥ ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥ ਆਦਿ ਪੁਰਖ ਅਪਰੰਪਰ ਦੇਵ ॥੨॥ ਤਿਸੁ ਊਪਰਿ ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ ਜਾ ਕਾ ਭਰਵਾਸਾ ॥੩॥ ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਨਾਨਕੁ ਗਾਵੈ ਗੁਰ ਮਿਲਿ ਸੋਇ ॥੪॥੩੯॥੧੦੮॥ {ਪੰਨਾ 187}

ਭਾਵ ਅਰਥ:-

ਹੇ ਮੇਰੇ ਮਨਾ ! ਤੂੰ ਉਸ ਦੀ ਇੱਛਾ ਰੱਖ ਜਿਸਤੋਂ ਵੱਧ ਕੋਈ ਹੋਰ ਭਰਪੂਰ ਨਹੀਂ ਹੈ, ਜੋ ਸੰਪੂਰਨ ਹੈ (ਅਕਾਲ ਪੁਰਖ ਪਰਮਾਤਮਾ)॥੧॥

ਹਰਿ ਪ੍ਰਭੂ ਨੂੰ ਆਪਣਾ ਸੱਜਣ ਮਿੱਤਰ ਪਿਆਰਾ ਬਣਾ ਤੇ ਨਾਲ ਹੀ ਆਪਣੇ ਜੀਵਨ ਤੇ ਪ੍ਰਾਣਾਂ ਦਾ ਆਧਾਰ ਸਮਝ॥੧॥ ਰਹਾਉ॥

ਹੇ ਮੇਰੇ ਮਨਾ ,ਤੂੰ ਉਸ ਨੂੰ ਧਿਆ ,ਉਸਦੀ ਬੰਦਗੀ ਕਰ ਜੋ ਆਦਿ ਕਾਲ ਤੋਂ ਅਪਰੰਪਾਰ ਦੇਵਤਾ ਹੈ॥੨॥ ਜਗਤ ਜਿਸ ਦਾ ਆਦਿ ਕਾਲ ਤੋਂ ਭਰੋਸਾ ਕਰਦਾ ਆ ਰਿਹਾ ਹੈ ਤੂੰ ਵੀ ਉਸਦੇ ਉੱਤੇ ਆਪਣੀ ਆਸਥਾ ਟਿਕਾ॥੩॥

ਹੇ ਨਾਨਕ! ਜਿਸਦਾ ਪ੍ਰੇਮ ਪਿਆਰ ਆਦਰ ਯਸ ਸਦਾ ਹੀ ਤੈਨੂੰ ਗੁਰੂ ਦੇ ਮਾਰਗ ਦਰਸ਼ਨ ਨਾਲ ਮਿਲਦਾ ਹੈ॥੪॥

ਗਉੜੀ ਮਹਲਾ ੫ ॥

ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥ ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ ਰਹਾਉ ॥ ਮੀਤੁ ਹਮਾਰਾ ਵੇਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥ ਮੀਤੁ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥ ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥ {ਪੰਨਾ 187}

ਭਾਵ ਅਰਥ:-

ਉਹ ਮੇਰਾ ਪ੍ਰਭੂ ,ਮੇਰਾ ਸਖਾ, ਮੇਰਾ ਪ੍ਰੀਤਮ, ਜੋ ਕੁਝ ਵੀ ਕਹਿੰਦਾ ਹੈ ਉਸ ਨੂੰ ਮੈਨੂੰ ਖੁਸ਼ੀ ਖੁਸ਼ੀ ਮੰਨਣਾ ਚਾਹੀਦਾ ਹੈ॥੧॥

ਹੇ ਬੰਦਿਆ! ਉਸ ਇੱਕ ਸਤਿਗੁਰੂ ਸੱਚੇ ਪਾਤਸ਼ਾਹ ਉੱਪਰ ਨਿਸ਼ਚਾ ਰੱਖ ਕਿਉਂਕਿ ਜੋ ਕੁਝ ਵੀ ਕਰਨਾ ਹੈ, ਉਹ ਉਸੇ ਨੇ ਕਰਨਾ ਹੈ ਭਾਵ ਉਹਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ॥੧॥ ਰਹਾਉ॥

ਗੁਰੂ ਦੀ ਕਿਰਪਾ ਨਾਲ ਮੇਰਾ ਮੋਹ ਪਿਆਰ ਉਸ ਅਕਾਲ ਪੁਰਖ ਸੱਚੇ ਪਾਤਸ਼ਾਹ ਨਾਲ ਪੈ ਗਿਆ ਹੈ ਤੇ ਉਹ ਮੇਰਾ ਸੱਚਾ ਪਾਤਸ਼ਾਹ ਬਿਨਾਂ ਕਿਸੇ ਵਾਧੂ ਬੋਝ ਤੋਂ ਆਪਣੇ ਜੀਵਾਂ ਦਾ ਖਿਆਲ ਰੱਖਦਾ ਹੈ॥੨॥

ਉਹ ਮੇਰਾ ਪ੍ਰਭੂ ਪਰਮਾਤਮਾ ਸਰਬ ਸਮਰੱਥ, ਸਭ ਦਾ ਮਾਲਕ ਹੈ ਤੇ ਸਾਰਿਆਂ ਦੇ ਦਿਲਾਂ ਦੀਆਂ ਜਾਣਦਾ ਹੈ॥੩॥

ਹੇ ਨਾਨਕ! ਮੈਂ ਪ੍ਰਭੂ ਦਾ ਦਾਸ ਹਾਂ ਤੇ ਪ੍ਰਭੂ ਮੇਰੇ ਠਾਕੁਰ ਹਨ, ਮਾਲਕ ਹਨ ,ਮੈਨੂੰ ਜਿੰਨਾ ਵੀ ਮਾਨ ਜਸ ਵਡਿਆਈਆਂ ਮਿਲਦੀਆਂ ਹਨ ਉਹ ਉਸ ਦਾਤੇ ਦੇ ਕਾਰਨ ਹੀ ਮਿਲਦੀਆਂ ਹਨ॥੪॥

**ਅੰਗ 188**

ਗਉੜੀ ਮਹਲਾ ੫ ॥

ਜਾ ਕਉ ਤੁਮ ਭਏ ਸਮਰਥ ਅੰਗਾ ॥ ਤਾ ਕਉ ਕਛੁ ਨਾਹੀ ਕਾਲੰਗਾ ॥੧॥ ਮਾਧਉ ਜਾ ਕਉ ਹੈ ਆਸ ਤੁਮਾਰੀ ॥ ਤਾ ਕਉ ਕਛੁ ਨਾਹੀ ਸੰਸਾਰੀ ॥੧॥ ਰਹਾਉ ॥ ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥ ਜਾ ਕਉ ਤੁਮ ਦੀਨੀ ਪ੍ਰਭ ਧੀਰ ॥ ਤਾ ਕੈ ਨਿਕਟਿ ਨ ਆਵੈ ਪੀਰ ॥੩॥ ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥ {ਪੰਨਾ 188}

ਭਾਵ ਅਰਥ:-

ਹੇ ਮੇਰੇ ਪਰਮ ਪਿਤਾ ਪਰਮੇਸ਼ਵਰ! ਜਿਸ ਨੂੰ ਆਪ ਜੀ ਨੇ ਆਪਣੀ ਟੇਕ, ਆਧਾਰ, ਸਹਾਰਾ, ਦੇ ਦਿੱਤਾ ਉਸਦੇ ਅੰਗ ਸੰਗ ਰਹਿਣ ਲੱਗ ਪਿਆ ਹੈਂ, ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਡਰ ਭੈ ਅਤੇ ਦੁੱਖ ਦਰਦ ਨਹੀਂ ਲੱਗ ਸਕਦਾ॥੧॥

ਹੇ ਮਾਧੋ ! ਜਿਸ ਦੀ ਤੇਰੇ ਉੱਤੇ ਆਧਾਰ ਟੇਕ ਹੈ, ਵਿਸ਼ਵਾਸ ਹੈ, ਉਸਨੇ ਦੁਨੀਆਂ ਤੋਂ ਕੀ ਲੈਣਾ॥੧॥ ਰਹਾਉ॥

ਜਿਸ ਦੇ ਹਿਰਦੇ ਅੰਦਰ ਉਹ ਮਾਲਕ ਵੱਸ ਗਿਆ ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਵੀ ਡਰ ਭਓ ਜਾਂ ਬੇਵਿਸ਼ਵਾਸੀ ਨਹੀਂ ਰਹਿ ਜਾਂਦੀ॥੨॥

ਹੇ ਦਾਤਾ ! ਜਿਸ ਨੂੰ ਤੂੰ ਹੌਸਲਾ ਦੇ ਦਿੱਤਾ ਹੈ ਉਸ ਦੇ ਕੋਈ ਵੀ ਦਰਦ ਦੁੱਖ ਨੇੜੇ ਨਹੀਂ ਲੱਗਦਾ॥੩॥

ਦਾਸ ਨਾਨਕ ਫ਼ਰਮਾਉਂਦੇ ਹਨ ! ਜਿਸ ਨੇ ਪੂਰਨ ਬ੍ਰਹਮ ਪਰਮੇਸ਼ਵਰ ਨਾਲ ਮੇਰਾ ਮਿਲਾਪ ਕਰਵਾ ਦਿੱਤਾ ਹੈ॥੪॥

ਗਉੜੀ ਮਹਲਾ ੫ ॥

ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥ ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥੧॥ ਰਹਾਉ ॥ ਖਾਤ ਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥੨॥ ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥ {ਪੰਨਾ 188}

ਭਾਵ ਅਰਥ:-

ਹੇ ਬੰਦਿਆ , ਤੂੰ ਇਹ ਜਿਹੜੀ ਦੁਰਲਭ ਦੇਹ ਹਾਸਲ ਕੀਤੀ ਹੈ, ਨਾਮ ਨਾ ਜਪ ਕੇ ਮੰਨ ਲੈ ਕਿ ਤੂੰ ਆਤਮ ਘਾਤ ਕਰ ਰਿਹਾ ਹੈਂ ॥੧॥

ਉਸ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਜੀਵਨ ਵੀ ਕੀ ਹੈ ਇਸ ਦੀ ਬਜਾਏ ਮਰਿਆ ਹੀ ਚੰਗਾ ਜਿਸ ਨੂੰ ਹਰੀ ਪ੍ਰਭੂ ਵਿਸਰਿਆ ਹੋਇਆ ਹੈ॥੧॥ ਰਹਾਉ॥

ਹੇ ਬੰਦੇ, ਭਾਵੇਂ ਤੂੰ ਆਪਣੇ ਜੀਵਨ ਵਿੱਚ ਖਾਂਦਾ ਪੀਂਦਾ ਖੇਲਦਾ ਤੇ ਖੁਸ਼ੀਆਂ ਹੰਡਾਉਂਦਾ ਹੈਂ , ਪਰ ਇਹ ਸਾਰੇ ਸਿੰਗਾਰ ਮੌਤ ਦੇ ਬਰਾਬਰ ਹਨ॥੨॥

ਜਿਸ ਨੇ ਅਕਾਲ ਪੁਰਖ ਦੇ ਨਾਮ ਨਾਲ ਲਿਵ ਨਹੀਂ ਜੋੜੀ ਉਹ ਜਾਨਵਰ ਤੋਂ ਵੀ ਬਦਤਰ ਹੈ॥੩॥

ਦਾਸ ਨਾਨਕ ਫਰਮਾਉਂਦੇ ! ਹਨ ਕਿ ਗੁਰੂ ਨੇ ਜਿਸ ਨੂੰ ਸੱਚੇ ਪਾਤਸ਼ਾਹ ਪ੍ਰਭੂ ਪਰਮਾਤਮਾ ਦਾ ਨਾਮ ਜਪਾ ਦਿੱਤਾ, ਯਾਦ ਕਰਾ ਦਿੱਤਾ ਉਸ ਦੇ ਹਿਰਦੇ ਵਿੱਚ ਕੇਵਲ ਤੇ ਕੇਵਲ ਇਹ ਨਾਮ ਹੀ ਵੱਸ ਜਾਂਦਾ ਹੈ॥੪॥

ਗਉੜੀ ਮਹਲਾ ੫ ॥

ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥੧॥ ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥ ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥੨॥ ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥ ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥ {ਪੰਨਾ 188}

ਭਾਵ ਅਰਥ :-

ਹੇ ਪ੍ਰਾਣੀ , ਕਿਹਦੀ ਮਾਂ ਤੇ ਕਿਹਦਾ ਬਾਪ , ਇਹ ਤਾਂ ਸਾਰੇ ਰਿਸ਼ਤਿਆਂ ਦੇ ਝੂਠੇ ਨਾਮ ਰੱਖੇ ਹੋਏ ਹਨ॥੧॥

ਹੇ ਮੂਰਖ !ਰਾਤ ਸੁੱਤਿਆਂ ਤੂੰ ਇੰਨਾ ਆਪਣੇ ਪਿਆਰਿਆਂ ਦੇ ਸਪਨੇ ਲੈ ਲੈ ਕੈ ਬਰੜਾਉਂਦਾ ਹੈਂ ਜਦੋਂ ਕਿ ਇਹ ਤਾਂ ਸਾਰੇ ਭਗਵਾਨ ਦੇ ਹੁਕਮ ਅਨੁਸਾਰ ਬਣੇ ਹਨ॥੧॥ ਰਹਾਉ॥

ਜੋਤ ਤਾਂ ਸਿਰਫ ਇੱਕੋ ਹੀ ਹੈ ,ਉਹ ਪ੍ਰਭੂ ਪਰਮਾਤਮਾ। ਇਹ ਇਨਸਾਨੀ ਸਰੀਰ ਤਾਂ ਇੱਕ ਮਿੱਟੀ ਹਨ ,ਇਸ ਲਈ ਇਹਨਾਂ ਵਾਸਤੇ ਕਿਉਂ ਰੋਂਦਾ ਹੈਂ॥੨॥

ਮੇਰਾ ਮੇਰਾ ਰਿਸ਼ਤੇਦਾਰ ਕਹਿ ਕੇ ਤੂੰ ਰੋਂਦਾ ਹੈ ਕੁਰਲਾਉਂਦਾ ਹੈਂ ,ਮਰਨ ਵਾਲੇ ਨੇ ਤੇਰੇ ਇਹ ਸਭ ਕੁਝ ਕਰਨ ਨਾਲ ਜਿਉਂਦਾ ਨਹੀਂ ਹੋ ਜਾਣਾ॥੩॥

ਇੰਨਾਂ ਸਾਰੀਆਂ ਸੱਚਾਈਆਂ ਦਾ ਦਰਵਾਜਾ ਗੁਰੂ ਆਪਣੇ ਆਪ ਖੋਲ ਕੇ ਤੇਰੇ ਅੱਗੇ ਰੱਖ ਦਿੰਦਾ ਹੈ, ਜਿਸ ਨਾਲ ਮਨੁੱਖ ਦਾ ਮਨ ਵਾਧੂ ਦੀਆਂ ਸੋਚਾਂ ਤੋਂ ਮੁਕਤ ਹੋ ਕੇ ਭਰਮਾਂ ਭੁਲੇਖਿਆਂ ਤੋਂ ਸੁਰਖਰੂ ਹੋ ਜਾਂਦਾ ਹੈ॥੪॥

ਗਉੜੀ ਮਹਲਾ ੫ ॥

ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥ ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ ਰਹਾਉ ॥ ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥ ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥ {ਪੰਨਾ 188}

ਭਾਵ ਅਰਥ:-

ਹੇ ਪ੍ਰਾਣੀ, ਆਹ ਜਿਹੜੇ ਤੈਨੂੰ ਬਹੁਤ ਵੱਡੇ ਵੱਡੇ ਸ਼ਾਹੂਕਾਰ ਲੋਕ ਨਜ਼ਰ ਆ ਰਹੇ ਹਨ, ਇਹਨਾਂ ਨੂੰ ਚਿੰਤਾ ਦਾ ਬਹੁਤ ਵੱਡਾ ਰੋਗ ਲੱਗਿਆ ਹੋਇਆ ਹੈ॥੧॥

ਇਹਨਾਂ ਦੇ ਹਿਸਾਬ ਨਾਲ ਵੱਡਾ ਉਹ ਹੈ ਜਿਸ ਕੋਲ ਜਿਆਦਾ ਮਾਇਆ ਹੈ ਪਰ ਹਕੀਕਤ ਇਹ ਹੈ ਕਿ ਅਕਾਲ ਪੁਰਖ ਦੇ ਨਾਮ ਨਾਲ ਚਿੱਤ ਲਾਉਣ ਵਾਲਾ ਹੀ ਵੱਡਾ ਹੁੰਦਾ ਹੈ॥੧॥ ਰਹਾਉ॥

ਜ਼ਿਮੀਂਦਾਰ ,ਭੂਮੀਦਾਰ ਹਰ ਰੋਜ਼ ਆਪਣੀ ਜਮੀਨ ਉੱਤੇ ਮੁਸ਼ਕਤ ਕਰਦਾ ਹੈ, ਤੇ ਉਸ ਨਾਲ ਅਥਾਹ ਪਿਆਰ ਕਰਦਾ ਹੈ ਪਰ ਮੌਤ ਵੇਲੇ ਇਸ ਨੂੰ ਛੱਡਣ ਲੱਗਿਆਂ ਵੀ ਇਸ ਸਭ ਨਾਲ ਲਗਾਵ ਨਹੀਂ ਛੁੱਟਦਾ॥੨॥

ਪਾਤਸ਼ਾਹ ਨਾਨਕ ਜੀ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ ! ਕਿ ਹੇ ਬੰਦਿਆ ਅਸਲ ਤੱਥ ਨਾਲ ਜੁੜ ,ਭਜਨ ਬੰਦਗੀ ਨਾਲ ਜੁੜ, ਜਿਸ ਨਾਲ ਅਸਲ ਵਿੱਚ ਤੇਰਾ ਛੁਟਕਾਰਾ ਹੋਣਾ ਹੈ॥੩॥

ਗਉੜੀ ਮਹਲਾ ੫ ॥

ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥ ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥ ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥੩॥ ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥ {ਪੰਨਾ 188}

ਭਾਵ ਅਰਥ:-

( ਹੇ ਸੱਜਣੋ) ਜਦ ਤੁਹਾਡੇ ਅੰਦਰ ,ਹਿਰਦੇ ਵਿੱਚ ਹਰਿ ਨਾਮ ਦਾ ਵਾਸਾ ਹੋ ਗਿਆ ਤਾਂ ਸਮਝੋ ਕਿ ਤੁਹਾਡਾ ਮਾਰਗ ਪੂਰਾ ਹੋ ਗਿਆ ਅਤੇ ਸਾਰੇ ਇਸ਼ਨਾਨ ਆਦਿਕ ਪੂਰੇ ਹੋ ਗਏ॥੧॥

ਜਿਸ ਬੰਦੇ ਨੇ ਉਸ ਸੰਪੂਰਨ ਪਰਮਾਤਮਾ ਦੀ ਸ਼ਰਨ ਲੈ ਲਈ, ਉਸ ਦੇ ਚਰਨ ਕਮਲਾਂ ਵਿੱਚ ਬੈਠ ਗਿਆ, ਮਨੋ! ਉਸ ਦਾਤੇ ਨੇ ਉਹਦੀ ਇੱਜਤ ਪਤ ਸੰਪੂਰਨ ਤੌਰ ਤੇ ਰੱਖ ਲਈ॥੧॥ ਰਹਾਉ॥

ਇਸ ਤਰ੍ਹਾਂ ਮਨੁੱਖ ਨੂੰ ਪੂਰਾ ਸੰਤੋਸ਼ ਸਹਿਜਤਾ ਤੇ ਮਾਨਸਿਕ ਸ਼ਾਂਤੀ ਮਿਲਦੀ ਹੈ ਤੇ ਹਰ ਤਰ੍ਹਾਂ ਦੇ ਜਪ ਤਪ ਦਾ ਫਲ ,ਇਕ ਰਾਜ ਯੋਗ, ਦੇ ਤੌਰ ਤੇ ਮਿਲ ਗਿਆ॥੨॥

ਹਰਿ ਪ੍ਰਭੂ ਦੇ ਮਾਰਗ ਤੇ ਚੱਲਣ ਵਾਲੇ ਪਾਪੀ ਪ੍ਰਾਣੀ ਨੂੰ ਵੀ ਪਵਿੱਤਰ ਇਨਸਾਨ ਦੀ ਪਦਵੀ ਮਿਲ ਜਾਂਦੀ ਹੈ ਤੇ ਦੁਨੀਆ ਵੀ ਪੂਰਨ ਸਨਮਾਨ ਦਿੰਦੀ ਹੈ॥੩॥

ਹੇ ਬੰਦੇ! ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ ਫਰਮਾਉਂਦੇ ਹਨ! ਉਹ ਅਕਾਲ ਪੁਰਖ ਸਤਿਗੁਰੂ ਸਦਾ ਮੇਰੇ ਕੋਲ ਵੱਸਦਾ ਹੈ ਤੇ ਉਹੀ ਮੇਰਾ ਸੱਚਾ ਗੁਰੂ ਹੈ॥੪॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

# JK TYRE INC

## JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY (Feel the difference) · PIRELLI
MICHELIN (A better way forward) · BRIDGESTONE · Firestone · YOKOHAMA
PEARLY · NAMA · TOYO TIRES (driven to perform) · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO • HOME • TRUCK • BUSINESS • LIFE • MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

**Drug and Alcohol Test**

**DOT / NON DOT**

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਵਿਆਹ 'ਤੇ ਐਨਾ ਕੁ ਖ਼ਰਚਾ ਤਾਂ ਜ਼ਰੂਰੀ ਹੈ !

"ਵਿਆਹ" ਸ਼ਬਦ ਸੁਣਦੇ ਹੀ ਮਨ ਵਿੱਚ ਇੱਕ ਅਜੀਬ ਜਿਹੀ ਖ਼ੁਸ਼ੀ ਅਤੇ ਲੋਰ ਜਿਹੀ ਆ ਜਾਂਦੀ ਹੈ। ਹਰ ਪਰਿਵਾਰ ਵਿੱਚ ਵਿਆਹ ਸਭ ਤੋਂ ਸੁਭਾਗਾ ਤੇ ਖੁਸ਼ੀ ਦਾ ਮੌਕਾ ਹੁੰਦਾ ਹੈ। ਕਦੇ ਸਮਾਂ ਹੁੰਦਾ ਸੀ ਜਦ ਕਈ ਕਈ ਦਿਨ ਪਹਿਲਾਂ ਵਿਆਹ ਵਾਲੇ ਘਰ ਵਿੱਚ ਮਹਿਮਾਨਾਂ ਦੀ ਆਮਦ ਸ਼ੁਰੂ ਹੋ ਜਾਂਦੀ ਸੀ। ਕਿੰਨੇ ਕਿੰਨੇ ਦਿਨ ਪਹਿਲਾਂ ਹੀ ਰਿਸ਼ਤੇਦਾਰੀ ਵਿੱਚੋਂ ਜਵਾਨ ਬੱਚੇ ਵਿਆਹ ਵਾਲੇ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਦੇ ਬਹਾਨੇ ਆ ਜਾਂਦੇ ਸਨ। ਕੁੜੀਆਂ ਕੁੜੀ ਦਾ ਦਾਜ ਬਣਾਉਣ ਵਿੱਚ ਮਦਦ ਕਰਦੀਆਂ ਸਨ ਤੇ ਮੁੰਡੇ ਖ਼ਰੀਦੋ ਫਰੋਖਤ ਵਿੱਚ ਹੱਥ ਵਟਾਉਂਦੇ ਸਨ। ਇਹ ਰੌਣਕ ਕਈ ਕਈ ਦਿਨ ਰਹਿੰਦੀ ਸੀ। ਵਿਆਹ ਤੋਂ ਬਾਅਦ ਵੀ ਕਈ ਦਿਨ ਤੱਕ ਰੌਣਕ ਮੇਲਾ ਲੱਗਿਆ ਰਹਿੰਦਾ ਸੀ। ਸਾਰੀਆਂ ਰੀਤਾਂ ਬਹੁਤ ਉਤਸ਼ਾਹ ਨਾਲ ਨਿਭਾਈਆਂ ਜਾਂਦੀਆਂ ਸਨ। ਵਿਆਹ ਰੱਖਣਾ, ਵਿਆਹ ਤੋਰਨਾ ਤੇ ਫਿਰ ਵਿਆਹ ਤੋਂ ਸਵਾ ਮਹੀਨਾ ਪਹਿਲਾਂ ਹੀ ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਸਾਹੇ ਬੰਨ੍ਹ ਕੇ ਮਾਈਆਂ ਲਾ ਦਿੱਤੀਆਂ ਜਾਂਦੀਆਂ ਸਨ। ਮਾਈਆਂ ਲੱਗਣ ਤੋਂ ਬਾਅਦ ਕੁੜੀ ਮੁੰਡੇ ਦਾ ਘਰੋਂ ਬਾਹਰ ਜਾਣਾ ਬੰਦ ਹੋ ਜਾਂਦਾ ਸੀ।ਪਰ ਜ਼ਮਾਨੇ ਨੇ ਆਪਣੀ ਐਸੀ ਰਫ਼ਤਾਰ ਵਧਾਈ ਕਿ ਸਾਰੇ ਰੀਤੀ ਰਿਵਾਜ਼ਾਂ ਨੂੰ ਵੀ ਨਾਲ ਲੈ ਕੇ ਉਡ ਗਿਆ। ਅੱਜ ਕੱਲ੍ਹ ਤਾਂ ਪਤਾ ਹੀ ਨਹੀਂ ਲੱਗਦਾ ਕਿ ਵਿਆਹ ਵਾਲ਼ਾ ਘਰ ਕਿਹੜਾ ਹੈ? ਜੇ ਕੋਈ ਮਹਿਮਾਨ ਭੁਲੇਖੇ ਨਾਲ ਵਿਆਹ ਵਾਲੇ ਦਿਨ ਪੈਲੇਸ ਵਿੱਚ ਪਹੁੰਚਣ ਦੀ ਥਾਂ ਘਰ ਆ ਜਾਵੇ ਤਾਂ ਗੇਟ ਨੂੰ ਤਾਲਾ ਲਟਕਦਾ ਹੀ ਮਿਲ਼ਦਾ ਹੈ।

ਅੱਜ ਕੱਲ੍ਹ ਵਿਆਹਾਂ ਤੇ ਹੋਣ ਵਾਲੀ ਖ਼ਰਾਬੀ ਅਤੇ ਬਰਬਾਦੀ ਦੀ ਗੱਲ ਕਰੀਏ ਤਾਂ ਉਹ ਬੇਹਿਸਾਬੀ ਹੋ ਰਹੀ ਹੈ। ਉਹਨਾਂ ਵਿੱਚ ਕੁਝ ਨਵੀਆਂ ਰੀਤਾਂ ਤੇ ਝਾਤੀ ਮਾਰੀਏ ਤਾਂ ਪ੍ਰੀ ਅਤੇ ਪੋਸਟ ਵੈਡਿੰਗ ਸ਼ੂਟ, ਵਿਆਹ ਤੇ ਆਪਣੇ ਸਿਵਾਏ ਕੱਪੜੇ ਪਾਉਣ ਦੀ ਥਾਂ ਕਿਰਾਏ ਤੇ ਕੱਪੜੇ ਅਤੇ ਜਿਊਲਰੀ ਲਿਆ ਕੇ ਲੱਖਾਂ ਰੁਪਏ ਕਿਰਾਇਆ ਦੇਣਾ, ਵਟਣੇ ਦੀ ਥਾਂ ਬਿਊਟੀ ਪਾਰਲਰਾਂ ਤੇ ਰੰਗ ਰੂਪ ਵਿੱਚ ਨਿਖ਼ਾਰ ਲਿਆਉਣ ਲਈ ਕਈ ਕਈ ਦਿਨ ਪਹਿਲਾਂ ਹੀ ਜਾਣਾ ਸ਼ੁਰੂ ਕਰ ਦੇਣਾ ਅਤੇ ਵਿਆਹਾਂ ਦੇ ਛੋਟੇ ਛੋਟੇ ਸਮਾਗਮ ਜਿਵੇਂ ਮਹਿੰਦੀ , ਜਾਗੋ,ਰਿੰਗ ਸੈਰੇਮਨੀ ਆਦਿ ਸਮਾਗਮ ਘਰ ਵਿੱਚ ਕਰਨ ਦੀ ਥਾਂ ਪੈਲੇਸਾਂ ਵਿੱਚ ਲੱਖਾਂ ਰੁਪਏ ਖਰਚਣੇ। ਇੱਕ ਵਿਆਹ ਦੇ ਹਫ਼ਤਾ ਭਰ ਸਮਾਗਮ ਚੱਲਦੇ ਹਨ ਤੇ ਉਹ ਵੀ ਸਾਰੇ ਪੈਲੇਸਾਂ ਵਿੱਚ ਹੀ ਕੀਤੇ ਜਾਂਦੇ ਹਨ। ਇਹਨਾਂ ਸਾਰੇ ਸਮਾਗਮਾਂ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਸਜਾਵਟਾਂ ਉੱਪਰ ਵੱਧ ਤੋਂ ਵੱਧ ਪੈਸੇ ਖ਼ਰਚੇ ਜਾਂਦੇ ਹਨ। ਇਹ ਸਾਰੇ ਖਰਚੇ ਸਿਰਫ਼ ਸਮਾਜਿਕ ਦਿਖਾਵੇ ਦੀ ਖ਼ਾਤਰ ਹੀ ਕੀਤੇ ਜਾਂਦੇ ਹਨ। ਇਹਨਾਂ ਸਭਨਾਂ ਉੱਪਰ ਕਈ ਕਈ ਲੱਖਾਂ ਰੁਪਏ ਖ਼ਰਚ ਹੋ ਜਾਂਦੇ ਹਨ। ਜੇ ਇਸ ਵਿੱਚ ਕੋਈ ਅਤਿਕਥਨੀ ਨਾ ਹੋਵੇ ਤਾਂ ਸ਼ਾਇਦ ਇਹ ਖ਼ਰਚੇ ਹਰ ਸਰਦੇ ਪੁੱਜਦੇ ਘਰ ਤੋਂ ਲੈਕੇ ਬਹੁਤ ਅਮੀਰ ਤੋਂ ਅਮੀਰ ਲੋਕਾਂ ਦੇ ਵਿਆਹਾਂ ਦਾ ਜ਼ਰੂਰੀ ਹਿੱਸਾ ਬਣ ਗਏ ਹਨ। ਇਸ ਤੋਂ ਇਲਾਵਾ 'ਨੱਕ' ਰੱਖਣ ਲਈ ਅੱਜ ਕੱਲ੍ਹ ਮਹਿੰਗੇ ਤੋਂ ਮਹਿੰਗੇ ਕੱਪੜਿਆਂ ਦੀ ਹੋੜ ਲੱਗੀ ਹੋਈ ਹੈ। ਔਰਤਾਂ ਵਿੱਚ ਇਹ ਪ੍ਰਚਲਨ ਬਹੁਤ ਵਧ ਗਿਆ ਹੈ। ਇੱਕ ਸਮਾਗਮ ਵਿੱਚ ਮਹਿੰਗੀਆਂ ਮਹਿੰਗੀਆਂ ਦੋ ਤਿੰਨ ਪਾਈਆਂ ਪੁਸ਼ਾਕਾਂ ਦੂਜੀ ਵਾਰੀ ਪਾਉਣ ਵਿੱਚ ਹੇਠੀ ਸਮਝੀ ਜਾਂਦੀ ਹੈ।ਇਸ ਤਰ੍ਹਾਂ ਕੱਪੜਿਆਂ ਅਤੇ ਸਜਣ- ਧਜਣ ਤੇ ਲੱਖਾਂ ਰੁਪਿਆਂ ਦੀ ਖ਼ਰਾਬੀ ਕੀਤੀ ਜਾਂਦੀ ਹੈ। ਜੇ ਪਿਛਲੇ ਕੁਝ ਸਮੇਂ ਤੋਂ ਨਜ਼ਰ ਮਾਰੀਏ ਤਾਂ ਕੱਪੜੇ ਅਤੇ ਸੁਹੱਪਣ ਨੂੰ ਵਧਾਉਣ ਵਾਲੀਆਂ ਦੁਕਾਨਾਂ ਦੇ ਵਪਾਰ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਸਾਡੇ ਸਮਾਜ ਵਿੱਚ ਕਈ ਲੋਕ ਤਾਂ ਇਹੋ ਜਿਹੇ ਵੀ ਹਨ ਜੋ ਆਪਣੇ ਬੱਚਿਆਂ ਦੀਆਂ ਸਕੂਲ ਦੀਆਂ ਦੋ ਦੋ ਵਰਦੀਆਂ ਨਾ਼ਲ ਤਾਂ ਤਿੰਨ ਤਿੰਨ ਸਾਲ ਕੱਢ ਦਿੰਦੇ ਹਨ ਪਰ ਮਹੀਨੇ ਵਿੱਚ ਦੋ ਤਿੰਨ ਵਿਆਹ ਆ ਜਾਣ ਤਾਂ ਸਾਰੇ ਵਿਆਹਾਂ ਖ਼ਾਤਰ ਨਵੀਆਂ ਨਵੀਆਂ ਪੁਸ਼ਾਕਾਂ ਖ਼ਰੀਦ ਕੇ ਦਿੰਦੇ ਹਨ ਤਾਂ ਜੋ ਇੱਕ ਪੁਸ਼ਾਕ ਨੂੰ ਕੋਈ ਦੂਜੀ ਵਾਰੀ ਨਾ ਵੇਖ ਲਵੇ,ਜਦ ਕਿ ਬੱਚੇ ਨੇ ਵਰਦੀ ਰੋਜ਼ਾਨਾ ਸੱਤ ਅੱਠ ਘੰਟੇ ਪਹਿਨ ਕੇ ਰੱਖਣੀ ਹੁੰਦੀ ਹੈ। ਅੱਜ ਕੱਲ੍ਹ ਤਾਂ ਵਿਆਹ ਵਾਲੇ ਘਰੋਂ "ਡਰੈੱਸ ਕੋਡ" ਦੇ ਸੁਨੇਹੇ ਵੀ ਆਉਣ ਸੱਦੇ ਦੇ ਨਾ਼ਲ ਹੀ ਦੇ ਦਿੱਤੇ ਜਾਂਦੇ ਹਨ। ਉਸ ਰੰਗ ਅਤੇ ਉਸ ਸਟਾਇਲ ਦੀਆਂ ਓਨੀਆਂ ਪੁਸ਼ਾਕਾਂ ਬਣਾਉਣੀਆਂ ਹੀ ਪੈਂਦੀਆਂ ਹਨ ।

ਵਿਆਹ ਸਮਾਗਮਾਂ ਦੇ ਅੰਦਰ ਖਾਣ ਪੀਣ ਦੀਆਂ ਵਸਤਾਂ ਤੇ ਹੋਣ ਵਾਲੀ ਹੋਰ ਬਰਬਾਦੀ ਵੱਲ ਨਜ਼ਰ ਮਾਰੀਏ ਤਾਂ ਦੇਖ ਕੇ ਲੱਗਦਾ ਹੈ ਕਿ ਜਿੰਨਾਂ ਖਾਣ ਪੀਣ ਦਾ ਸਮਾਨ ਇੱਕ ਸਮਾਗਮ ਵਿੱਚ ਬਰਬਾਦ ਕੀਤਾ ਜਾਂਦਾ ਹੈ ਜੇ ਉਹ ਕਿਸੇ ਗਰੀਬ ਗੁਰਬੇ ਦੇ ਮੂੰਹ ਪੈ ਜਾਵੇ ਤਾਂ ਸ਼ਾਇਦ ਸਾਡੇ ਦੇਸ਼ ਵਿੱਚ ਭੁੱਖਮਰੀ ਦਾ ਕੋਹੜ ਦੂਰ ਹੋ ਜਾਵੇ। ਸਮਾਗਮਾਂ ਵਿੱਚ ਵੇਟਰਾਂ ਦੁਆਰਾ ਟੇਬਲਾਂ ਤੇ ਜਾ ਜਾ ਕੇ ਪਰੋਸਿਆ ਜਾ ਰਿਹਾ ਖਾਣ ਪੀਣ ਦਾ ਸਮਾਨ ਮਹਿਮਾਨਾਂ ਵੱਲੋਂ ਮਹਿਜ਼ ਇੱਕ ਟੇਸਟ ਚੈੱਕਿੰਗ (ਸਵਾਦ ਚੱਖਣ) ਦਾ ਕੰਮ ਹੀ ਕਰਦਾ ਹੈ। ਮੇਜ਼ਬਾਨਾਂ ਦਾ ਜਿੰਨਾਂ ਉੱਚਾ 'ਨੱਕ' ਹੁੰਦਾ ਹੈ ਓਨੇ ਹੀ ਖਾਣੇ ਦੀਆਂ ਕਿਸਮਾਂ ਵੱਧ ਹੁੰਦੀਆਂ ਹਨ,ਓਨੇ ਹੀ 'ਸਟੋਲ' ਜ਼ਿਆਦਾ ਲੱਗੇ ਹੁੰਦੇ ਹਨ। ਮਹਿਮਾਨਾਂ ਨੇ ਹਰ 'ਸਟੋਲ' ਤੋਂ ਸਵਾਦ ਜ਼ਰੂਰ ਚੱਖਣਾ ਹੁੰਦਾ ਹੈ। ਜਿਹੜਾ ਸਵਾਦ ਨਹੀਂ ਲੱਗਦਾ, ਉਸ ਜੂਠੇ ਖਾਣੇ ਨੂੰ ਮਲਕੜੇ ਜਿਹੇ ਕੋ਼ਲ ਪਏ ਟੱਬ ਜਾਂ ਟੇਬਲ ਥੱਲੇ ਰੱਖ ਦਿੱਤਾ ਜਾਂਦਾ ਹੈ। ਮੰਨਿਆ ਕਿ ਢਿੱਡ ਤਾਂ ਆਪਣਾ ਹੀ ਹੁੰਦਾ ਹੈ ਪਰ ਅਗਲਿਆਂ ਨੇ ਦਿੱਤੇ ਜਾਣ ਵਾਲੇ ਸ਼ਗਨ ਦੀ ਕੀਮਤ ਵੀ ਤਾਂ ਵਸੂਲਣੀ ਹੁੰਦੀ ਹੈ। ਬੱਚੇ ਪੋਪਕੋਰਨ (ਮੱਕੀ ਦੇ ਦਾਣੇ) ਵਾਰ ਵਾਰ ਲਿਆ ਕੇ ਅੱਧ ਪਚੱਧੇ ਪੈਕੇਟ ਇਧਰ ਉਧਰ ਸੁੱਟ ਕੇ ਹੋਰ ਨਵਾਂ ਪੈਕੇਟ ਲੈਣ ਚਲੇ ਜਾਂਦੇ ਹਨ। ਫਰੂਟ ਦੀਆਂ ਪਲੇਟਾਂ ਵਿੱਚੋਂ ਮਹਿਮਾਨ ਆਪਣੇ ਪਸੰਦ ਦਾ ਫਰੂਟ ਖਾ ਕੇ ਬਾਕੀ ਬਚੇ ਫਰੂਟ ਦੀ ਪਲੇਟ ਟੇਬਲ ਦੇ ਪਰਦੇ ਦੇ ਥੱਲੇ ਧੱਕ ਦਿੰਦੇ ਹਨ।


ਇਹ ਤਾਂ ਸਮਾਗਮ ਦੇ ਸ਼ੁਰੂਆਤੀ ਦੌਰ ਤੱਕ ਦਾ ਸਫ਼ਰ ਹੀ ਹੁੰਦਾ ਹੈ। ਫਿਰ ਖਾਣੇ ਦੇ ਟੇਬਲਾਂ ਤੇ ਭਿੰਨ ਭਿੰਨ ਤਰ੍ਹਾਂ ਦੇ ਪਕਵਾਨ,ਜਦ ਪਲੇਟਾਂ ਵਿੱਚ ਸਾਰਾ ਕੁਝ ਥੋੜ੍ਹਾ ਥੋੜ੍ਹਾ ਪਾ ਕੇ ਪਲੇਟਾਂ ਨੂੰ ਉੱਪਰ ਤੱਕ ਭਰ ਕੇ ਖਾਣਾ ਸ਼ੁਰੂ ਕਰ ਦਿੰਦੇ ਹਨ ਤਾਂ ਥੋੜੀਆਂ ਬਹੁਤੀਆਂ ਠੂੰਗਾਂ ਜਿਹੀਆਂ ਮਾਰ ਮਾਰ ਕੇ ਭਰੀਆਂ ਹੋਈਆਂ ਪਲੇਟਾਂ ਨੂੰ ਟੇਬਲਾਂ ਥੱਲੇ ਜਾਂ ਡਸਟਬਿਨ ਰੂਪੀ ਟੱਬ ਵਿੱਚ ਮਲ੍ਹੱਕੜੇ ਜਿਹੇ ਰੱਖ ਕੇ ਖਿਸਕਦੇ ਬਣਦੇ ਹਨ ।

ਐਨੇ ਮਸਾਲਿਆਂ ਵਾ਼ਲਾ ਖਾਣਾ ਖਾ ਕੇ ਸ਼ਗਨ ਦੇ ਪੈਸੇ ਵਸੂਲਣ ਦੇ ਚੱਕਰ ਵਿੱਚ ਚਾਹੇ ਅਗਲੇ ਦਿਨ ਪੇਟ ਨੂੰ ਤੰਦਰੁਸਤ ਕਰਨ ਲਈ ਦਵਾਈ ਤੇ ਉਸ ਤੋਂ ਜ਼ਿਆਦਾ ਪੈਸੇ ਖਰਚਣੇ ਪੈਣ ਪਰ ਖਾਣੇ ਦੀ ਕਿਸਮ ਚੈੱਕ ਕਰਨੀ ਜ਼ਰੂਰੀ ਹੁੰਦੀ ਹੈ। ਫਿਰ ਗੱਲ ਇੱਥੇ ਵੀ ਨਹੀਂ ਮੁੱਕਦੀ , ਮੂੰਹ ਨੂੰ ਮਿੱਠਾ ਕਰਨਾ ਤਾਂ ਜ਼ਰੂਰੀ ਹੁੰਦਾ ਹੈ ਅਕਸਰ ਨੂੰ ਸ਼ਗਨਾਂ ਵਾ਼ਲਾ ਮੌਕਾ ਜੁ ਹੁੰਦਾ ਹੈ । ਤਿੰਨ ਚਾਰ ਤਰ੍ਹਾਂ ਦੀਆਂ ਤੱਤੀਆਂ ਠੰਢੀਆਂ ਮਿੱਠੇ ਦੀਆਂ ਕਿਸਮਾਂ ਜਿਵੇਂ ਦੋ ਤਿੰਨ ਕਿਸਮਾਂ ਦੀਆਂ ਆਈਸ ਕਰੀਮਾਂ,ਗਰਮ ਗਰਮ ਗੁਲਾਬ ਜਾਮਣਾਂ, ਮੂੰਗੀ ਦਾ ਹਲਵਾ,ਗਰਮ ਗਰਮ ਅੰਮ੍ਰਿਤੀਆਂ ਵੀ ਪਵਾ ਪਵਾ ਕੇ ਅੱਧ ਪਚੱਦੀਆਂ ਖਾ ਕੇ ਕੂੜੇਦਾਨ ਦਾ ਸ਼ਿੰਗਾਰ ਬਣਾਈਆਂ ਜਾਂਦੀਆਂ ਹਨ। ਕਈ ਵਾਰ ਤਾਂ ਸ਼ੂਗਰ ਦੇ ਮਰੀਜ਼ ਇਹ ਕਹਿੰਦੇ ਸੁਣੇ ਜਾਂਦੇ ਹਨ,"... ਮੈਂ ਸਵੇਰੇ ਸ਼ੂਗਰ ਦੀ ਗੋਲੀ ਖਾ ਲਈ ਸੀ.... ਮੈਨੂੰ ਪਤਾ ਸੀ ਵਿਆਹ ਤੇ ਚੱਲੇ ਆਂ... ਚੀਜ਼ ਵੇਖ ਕੇ ਖਾਧਾ ਜਾਣਾ...ਹੋਰ ਕੀ ਆ....ਇੱਕ ਗੋਲੀ ਹੋਰ ਘਰ ਜਾ ਕੇ ਖਾਲਾਂਗੇ... !" ਕੌਫ਼ੀ ਵਿੱਚ ਮਿੱਠਾ 'ਘੱਟ' 'ਵੱਧ' ਜਾਂ 'ਕੌੜੀ' ਜਾਂ 'ਠੰਢੀ' ਹੋਣ ਦਾ ਬਹਾਨਾ ਲਾ ਕੇ ਇੱਕ ਇੱਕ ਘੁੱਟ ਭਰਕੇ ਰੱਖੇ ਕੱਪ ਟੇਬਲਾਂ ਤੇ ਨੇ ਤਾਂ ਆਮ ਹੀ ਦਿਸ ਜਾਂਦੇ ਹਨ।

"ਸਭ ਕੁਝ" ਖਾ ਪੀ ਕੇ ਘਰ ਨੂੰ ਵਾਪਸ ਪਰਤਦੇ ਸਮੇਂ ਵਿਆਹ ਵਿੱਚ ਪਰੋਸੇ ਖਾਣੇ ਅਤੇ ਕੀਤੀ ਹੋਈ ਸਜਾਵਟ ਦਾ ਮੁਲਾਂਕਣ ਕਰਦੇ ਹੋਏ ਜੇ ਕਿਤੇ ਗੱਲਾਂ ਸੁਣੋ ਤਾਂ ਲੱਗਦਾ ਹੈ ਕਿ ਉੱਥੇ ਤਾਂ ਕੁਝ ਵੀ 'ਚੱਜਦਾ' ਨਹੀਂ ਸੀ ,ਵਿਚਾਰੇ ਮਹਿਮਾਨਾਂ ਨੂੰ ਤਾਂ ਸਵਾਦ ਜਿਹਾ ਹੀ ਨਹੀਂ ਆਇਆ ,ਉਹ ਤਾਂ ਲੱਗਦਾ ਹੈ ਵਿਚਾਰੇ ਜਿਵੇਂ ਭੁੱਖੇ ਹੀ ਮੁੜ ਰਹੇ ਹੋਣ। ਫਿਰ ਹੋਰ ਵਿਆਹਾਂ ਨਾ਼ਲ ਤੁਲਨਾ ਹੋਣ ਲੱਗਦੀ ਹੈ। ਮੇਜ਼ਬਾਨਾਂ ਨੇ ਜਿਹੜੇ ਮਹਿਮਾਨਾਂ ਖਾਤਰ ਆਪਣਾ "ਨੱਕ" ਰੱਖਣ ਲਈ ਐਨਾ ਪੈਸਾ ਖਰਚਿਆ ਹੁੰਦਾ ਹੈ ਉਹੀ ਰਸਤੇ ਵਿੱਚ ਜਾਂਦੇ ਜਾਂਦੇ ਹੀ ਉਸ ਨੂੰ ਵੱਢ ਕੇ ਤੁਰਦੇ ਬਣਦੇ ਹਨ।

ਇਸ ਸਭ ਕੁਝ ਦੀ ਖ਼ਰਾਬੀ ਦੇਖ਼ ਕੇ ਮੈਨੂੰ ਕਹਾਵਤ ਯਾਦ ਆਉਂਦੀ ਹੈ ਕਿ " ਰੱਜੀ ਮੈਂਹ ਵਿੱਘੇ ਦਾ ਉਜਾੜਾ "। ਮੰਨਿਆ ਵਕਤ ਦੇ ਨਾਲ ਚਲੱਣਾ ਜ਼ਿੰਦਗੀ ਦਾ ਦਸਤੂਰ ਹੁੰਦਾ ਹੈ। ਪਰ ਇਸ ਉਜਾੜੇ ਵਾ਼ਲੇ ਬਦਲਾਅ ਨੂੰ ਅਸੀਂ ਆਪਣਾ ਦਸਤੂਰ ਨਾ ਬਣਾਈਏ ਤਾਂ ਚੰਗੀ ਗੱਲ ਹੋਵੇਗੀ। ਸਾਨੂੰ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ । ਹਰ ਵਿਅਕਤੀ ਨੂੰ ਐਨਾ ਖਾਣਾ ਬਰਬਾਦ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦਿਖਾਵੇ ਦੀ ਹੋੜ ਵਿੱਚ ਕਰਜ਼ੇ ਚੁੱਕ ਕੇ ਫਜ਼ੂਲ ਖਰਚੀ ਤੇ ਪੈਸਾ ਬਰਬਾਦ ਕਰਨਾ ਨਿਰੀ ਮੂਰਖਤਾ ਹੀ ਹੁੰਦੀ ਹੈ। ਇਸ ਸਭ ਦਾ ਖਾਮਿਆਜ਼ਾ ਬਾਅਦ ਵਿੱਚ ਭੁਗਤਣਾ ਪੈਂਦਾ ਹੈ। ਐਵੇਂ ਤਾਂ ਨੀ ਸਿਆਣੇ ਆਖ ਗਏ ਕਿ ਸਾਨੂੰ ਆਪਣੀ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਪਰ ਪੈਲੇਸ ਤੋਂ ਨਿਕਲਦੇ ਹੋਏ ਜਿੱਥੇ ਮਹਿਮਾਨ ਮੁਲਾਂਕਣ ਕਰ ਜਾਂਦੇ ਹਨ ਓਥੇ ਹੀ ਕਈ ਮੇਜ਼ਬਾਨ ਅਕਸਰ ਹੀ ਆਪਣੇ ਰਿਸ਼ਤੇਦਾਰਾਂ ਨਾ਼ਲ ਗੱਲਾਂ ਕਰਦੇ ਸੁਣੇ ਜਾਂਦੇ ਹਨ,"....ਭਾਈ ਜ਼ਮਾਨੇ ਦੇ ਹਿਸਾਬ ਨਾਲ ਚੱਲਣਾ ਈ ਪੈਂਦਾ.... ਬੱਚਿਆਂ ਦੇ ਵੀ ਆਪਣੇ ਸ਼ੌਕ ਹੁੰਦੇ ਨੇ... ਵਿਆਹ ਕਿਹੜਾ ਰੋਜ਼ ਰੋਜ਼ ਕਰਨੇ ਹੁੰਦੇ ਨੇ...ਉਹ ਵੀ ਪੂਰੇ ਕਰਨੇ ਪੈਂਦੇ ਨੇ....ਬਾਕੀ ਰਿਸ਼ਤੇਦਾਰਾਂ ਦੇ ਹਿਸਾਬ ਨਾਲ ਚੱਲਣਾ ਈ ਪੈਂਦਾ....ਵਿਆਹ ਤੇ ਐਨਾ ਕੁ ਖ਼ਰਚਾ ਤਾਂ ਜ਼ਰੂਰੀ ਹੈ... !"

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.
(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668




PIONEER VILLA
Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348




JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682



ਨਵਦੀਪ ਸਿੰਘ ਭੁਨੀਰ
ਸਰਕਾਰੀ ਸਕੰਡਰੀ ਸਕੂਲ
ਝੰਡੂਕੇ (ਮਾਨਸਾ)
+919876968193

# ਚੇਤਿਆਂ ਵਿੱਚ ਵਸਿਆ ਨਾਨਕਾ ਘਰ

ਬਚਪਨ ਦੀਆਂ ਸਿਮਰਤੀਆਂ ਦਾ ਕੈਨਵਸ ਬਹੁਤ ਵਿਸ਼ਾਲ ਹੁੰਦਾ ਹੈ, ਪਰ ਇਸ ਉੱਤੇ ਸਭ ਤੋਂ ਗੂੜ੍ਹੇ ਅਤੇ ਖ਼ੂਬਸੂਰਤ ਰੰਗ ਨਾਨਕੇ ਘਰ ਦੇ ਹੀ ਹੁੰਦੇ ਹਨ। ਇਹ ਗੱਲ 1989-90 ਦੇ ਆਸ-ਪਾਸ ਦੀ ਹੈ, ਜਦੋਂ ਹਰ ਬੱਚੇ ਵਾਂਗ ਮੇਰੇ ਅੰਦਰ ਵੀ ਆਪਣੇ ਨਾਨਕੇ ਘਰ ਦਾ ਇੱਕ ਅਥਾਹ ਤੇ ਅਕਹਿ ਚਾਅ ਵਸਿਆ ਹੋਇਆ ਸੀ। ਹਰਿਆਣੇ ਦੀ ਧਰਤੀ 'ਤੇ ਵਸਦਾ ਮੇਰਾ ਨਾਨਕਾ ਪਿੰਡ 'ਦੇਸੂ ਜੋਧਾ' ਮੇਰੇ ਲਈ ਮਹਿਜ਼ ਇੱਕ ਪਿੰਡ ਨਹੀਂ, ਸਗੋਂ ਮੇਰੀਆਂ ਬਾਲ-ਭਾਵਨਾਵਾਂ ਦਾ ਉਹ ਸਵਰਗ ਸੀ ਜਿੱਥੇ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਤੇ ਲੰਮੇ ਅਰਸੇ ਬਿਤਾਏ। ਉਸ ਦੌਰ ਵਿੱਚ, ਮੇਰੇ ਨਾਨਕਿਆਂ ਕੋਲ ਇੱਕ ਐਸਕਾਰਟ ਟਰੈਕਟਰ ਹੁੰਦਾ ਸੀ। ਟਰੈਕਟਰ ਦੇ ਉੱਪਰ ਚਿੱਟੇ ਅੱਖਰਾਂ ਵਿੱਚ ਉੱਕਰਿਆ ਮੇਰੇ ਨਾਨਾ ਜੀ ਦਾ ਨਾਂ 'ਸ੍ਰ ਜੱਗਰ ਸਿੰਘ' ਮੈਨੂੰ ਬੜਾ ਚੰਗਾ-ਚੰਗਾ ਜਿਹਾ ਲੱਗਦਾ ਤੇ ਨਾਨਾ ਜੀ ਦਾ ਨਾਂ ਨੂੰ ਪੜ੍ਹਦਿਆਂ ਮੇਰੇ ਬਾਲ ਮਨ ਅੰਦਰ ਇੱਕ ਅਜੀਬ ਜਿਹਾ ਮਾਣ ਭਰ ਜਾਂਦਾ ਸੀ।

ਮੇਰੇ ਛੋਟੇ ਮਾਮੇ ਦਾ ਘਰ, ਜਿੱਥੇ ਮੇਰੇ ਨਾਨਾ-ਨਾਨੀ ਜੀ ਦੀ ਨਿੱਘੀ ਛੋਹ ਵਸਦੀ ਸੀ, ਮੈਨੂੰ ਕਿਸੇ ਜੰਨਤ ਤੋਂ ਘੱਟ ਨਹੀਂ ਸੀ ਜਾਪਦਾ। ਘਰ ਦੀ ਦਹਿਲੀਜ਼ ਪਾਰ ਕਰਦਿਆਂ ਹੀ ਸਾਹਮਣੇ ਇੱਕ ਵਰਾਂਡਾ ਸੀ। ਉਸ ਵਰਾਂਡੇ ਵਿੱਚ ਇੱਕ ਹਰੇ ਰੰਗ ਦੀ ਅਲਮਾਰੀ ਹੁੰਦੀ ਸੀ, ਜਿਸ ਉੱਪਰ ਪੀਰਾਂ, ਫ਼ਕੀਰਾਂ ਅਤੇ ਸੰਤਾਂ-ਮਹਾਤਮਾਵਾਂ ਦੀਆਂ ਤਸਵੀਰਾਂ ਸਜੀਆਂ ਹੋਈਆਂ ਸਨ। ਉਨ੍ਹਾਂ ਤਸਵੀਰਾਂ ਵਾਲੇ ਚਿਹਰਿਆਂ 'ਤੇ ਇੱਕ ਅਜਿਹਾ ਅਨੋਖਾ ਤੇ ਇਲਾਹੀ ਨੂਰ ਸੀ, ਜੋ ਮੇਰੇ ਅੰਦਰ ਇੱਕ ਅਜੀਬ ਜਿਹੀ ਰੂਹਾਨੀਅਤ ਭਰ ਦਿੰਦਾ ਸੀ। ਇਸੇ ਵਰਾਂਡੇ ਦੇ ਉੱਪਰ ਪੁਰਾਤਨ ਨਮੂਨੇ ਦਾ ਇੱਕ ਚੁਬਾਰਾ ਹੁੰਦਾ ਸੀ। ਭਾਵੇਂ ਉਹ ਚੁਬਾਰਾ ਪੁਰਾਣਾ ਹੋਣ ਕਾਰਨ ਮੇਰੇ ਬਚਪਨ ਵਿੱਚ ਹੀ ਢਾਹ ਦਿੱਤਾ ਗਿਆ ਸੀ, ਪਰ ਉਸ ਨਾਲ ਮੇਰੀ ਰੂਹ ਦਾ ਮੋਹ ਇੰਨਾ ਡੂੰਘਾ ਸੀ ਕਿ ਉਸ ਵਿੱਚ ਬੈਠ ਕੇ ਮੈਨੂੰ ਜੋ ਸਕੂਨ ਮਿਲਦਾ ਸੀ, ਉਹ ਦੁਨੀਆ ਦੀ ਕਿਸੇ ਹੋਰ ਨੁੱਕਰ ਵਿੱਚ ਕਦੇ ਨਸੀਬ ਨਹੀਂ ਹੋਇਆ। ਵਰਾਂਡੇ ਦੇ ਖੱਬੇ ਪਾਸੇ ਇੱਕ ਵੱਡੀ ਸਾਰੀ ਸਬਾਤ ਸੀ। ਸਿਆਲ ਦੀਆਂ ਠੰਢੀਆਂ ਰਾਤਾਂ ਵਿੱਚ, ਉਸ ਹਨੇਰੀ ਸਬਾਤ ਦੇ ਕਿਸੇ ਕੋਨੇ ਵਿੱਚ ਮੇਰੇ ਨਾਨਾ ਜੀ ਲਈ ਬਣਾਈਆਂ ਮੇਥਿਆਂ ਦੀਆਂ ਪਿੰਨੀਆਂ ਰੱਖੀਆਂ ਹੁੰਦੀਆਂ ਸਨ। ਮੇਰੀ ਨਾਨੀ ਜਦੋਂ ਆਪਣੇ ਮੋਹ ਭਿੱਜੇ ਹੱਥਾਂ ਨਾਲ ਮੈਨੂੰ ਉਹ ਪਿੰਨੀਆਂ ਖਵਾਉਂਦੀ, ਤਾਂ ਮੈਨੂੰ ਲੱਗਦਾ ਜਿਵੇਂ ਦੁਨੀਆ ਭਰ ਦਾ ਸਵਾਦ ਅਤੇ ਵਾਤਸਲ ਮੇਰੀ ਝੋਲੀ ਪੈ ਗਿਆ ਹੋਵੇ।


ਮੇਰੇ ਛੋਟੇ ਮਾਮੇ ਦਾ ਪੁੱਤਰ ਲਛਮਣ, ਜਿਸਨੂੰ ਨਾਨਾ ਜੀ 'ਲ਼ਫਣ' ਆਖਦੇ ਸਨ, ਭਾਵੇਂ ਮੇਰੇ ਤੋਂ ਛੋਟਾ ਸੀ ਪਰ ਮੇਰਾ ਪੱਕਾ ਆੜੀ ਸੀ। ਨਾਨਾ ਜੀ ਆਪਣੇ ਹੱਥੀਂ ਸਾਨੂੰ ਗੁੱਲੀ ਘੜ ਕੇ ਦਿੰਦੇ ਅਤੇ ਅਸੀਂ ਘੰਟਿਆਂ-ਬੱਧੀ ਬਾੜੇ ਵਿੱਚ ਗੁੱਲੀ-ਡੰਡਾ ਖੇਡਦੇ ਰਹਿੰਦੇ। ਸਾਡੀ ਉਸ ਖੇਡ ਵਿੱਚ ਦੁਨੀਆਂ ਭਰ ਦੀ ਬਾਦਸ਼ਾਹਤ ਛੁਪੀ ਹੁੰਦੀ। ਛੋਟੇ ਮਾਮੇ ਦੇ ਘਰ ਤੋਂ ਵੱਡੇ ਮਾਮੇ ਦੇ ਘਰ ਤੱਕ ਦਾ ਪੈਂਡਾ ਮੇਰੇ ਲਈ ਕਿਸੇ ਰੋਮਾਂਚਕ ਸਫ਼ਰ ਤੋਂ ਘੱਟ ਨਹੀਂ ਸੀ। ਰਸਤੇ ਵਿੱਚ ਪੈਦਲ ਤੁਰਦਿਆਂ ਸਭ ਤੋਂ ਪਹਿਲਾਂ ਦੋ ਛੱਪੜ ਆਉਂਦੇ ਤੇ ਫਿਰ ਲਸੂੜੇ ਦੇ ਰੁੱਖ ਮਿਲਦੇ, ਇੱਕ ਪੁਰਾਣਾ ਖੂਹ ਆਉਂਦਾ ਜਿੱਥੋਂ ਸੁਆਣੀਆਂ ਪਾਣੀ ਭਰਦੀਆਂ। ਉਸ ਖੂਹ ਦੇ ਨਾਲ ਹੀ ਇੱਕ ਡੇਰਾ ਹੁੰਦਾ ਸੀ। ਇਸ ਡੇਰੇ ਨਾਲ ਜੁੜੀ ਇੱਕ ਘਟਨਾ ਨੇ ਮੇਰੇ ਬਾਲ-ਮਨ ਨੂੰ ਕਿਸੇ ਤਲਿਸਮੀ ਦੁਨੀਆ ਦਾ ਹਿੱਸਾ ਬਣਾ ਦਿੱਤਾ ਸੀ। ਇੱਕ ਵਾਰ ਮਾਤਾ ਜੀ ਨੇ ਦੱਸਿਆ ਕਿ ਵੱਡੇ ਮਾਮਾ ਜੀ ਖੇਤਾਂ ਵਿੱਚ ਪਾਣੀ ਲਾ ਰਹੇ ਸਨ ਤਾਂ ਉਨ੍ਹਾਂ ਨੂੰ 'ਕੀੜਾ' ਛੋਹ ਗਿਆ। ਮੈਂ ਕੰਬਦੀ ਆਵਾਜ਼ ਵਿੱਚ ਪੁੱਛਿਆ, "ਫਿਰ ਕੀ ਹੋਇਆ?" ਤਾਂ ਮਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਤੁਰੰਤ ਉਸੇ ਡੇਰੇ ਲਿਆਂਦਾ ਗਿਆ। ਡੇਰੇ ਵਿੱਚ ਇੱਕ ਥਾਲੀ ਖੜਕਾਈ ਗਈ ਅਤੇ ਉਸ ਥਾਲੀ ਦੀ ਆਵਾਜ਼ ਸੁਣਦਿਆਂ ਹੀ ਪਿੰਡ ਦੇ ਸਾਰੇ 'ਗਾਰੜੂ' ਇਕੱਠੇ ਹੋ ਗਏ। ਉਹ ਆਪਣੇ ਮੂੰਹ ਨਾਲ ਜ਼ਹਿਰ ਚੂਸਦੇ ਅਤੇ ਘਿਓ ਦੀਆਂ ਕੁਰਲੀਆਂ ਕਰਦੇ। ਇਸ ਤਰ੍ਹਾਂ

ਉਨ੍ਹਾਂ ਨੇ ਸਾਰਾ ਜ਼ਹਿਰ ਮਾਮਾ ਜੀ ਦੇ ਸਰੀਰ 'ਚੋਂ ਬਾਹਰ ਕੱਢ ਦਿੱਤਾ ਤੇ ਕੁਝ ਹੀ ਸਮੇਂ ਬਾਅਦ ਮਾਮਾ ਜੀ ਬਿਲਕੁਲ ਨੌਂ-ਬਰ-ਨੌਂ ਹੋ ਗਏ। ਮਾਂ ਦੇ ਮੂੰਹੋਂ ਸੁਣੀ ਇਹ ਘਟਨਾ ਮੈਨੂੰ ਕਿਸੇ ਅਲੌਕਿਕ ਤੇ ਜਾਦੂਈ ਦੁਨੀਆ ਦੀ ਬਾਤ ਜਾਪਦੀ ਸੀ। ਅੱਜ ਵੀ ਉਸ ਡੇਰੇ ਵਿੱਚ ਵੱਜਦੀ ਘੰਟੀ ਦੀ ਪਵਿੱਤਰ ਆਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਹੈ, ਜਿਵੇਂ ਉਹ ਫ਼ਿਜ਼ਾਵਾਂ ਵਿੱਚ ਕਿਤੇ ਗੂੰਜ ਰਹੀ ਹੋਵੇ। ਨਾਨਕੇ ਪਿੰਡ ਕੋਲੋਂ ਦੀ ਹੀ ਇੱਕ ਨਹਿਰ ਗੁਜ਼ਰਦੀ ਸੀ, ਜਿਸ ਨੂੰ ਅਸੀਂ 'ਮਸੀਤਾਂ ਵਾਲੀ ਨਹਿਰ' ਆਖਦੇ ਸਾਂ। ਖੇਡਦੇ-ਖੇਡਦੇ ਮੈਂ ਅਤੇ ਵੱਡੇ ਮਾਮੇ ਦਾ ਮੁੰਡਾ ਭਜਨਾ ਅਕਸਰ ਇਸ ਨਹਿਰ 'ਤੇ ਜਾ ਵੜਦੇ। ਭਜਨਾ ਤਾਂ ਬੇਖ਼ੌਫ਼ ਹੋ ਕੇ ਨਹਿਰ ਦੇ ਪਾਣੀਆਂ ਵਿੱਚ ਤਾਰੀਆਂ ਲਾਉਂਦਾ, ਪਰ ਮੈਨੂੰ ਪਾਣੀ ਤੋਂ ਡਰ ਲੱਗਦਾ ਸੀ। ਮੈਂ ਨਹਿਰ ਵਿੱਚ ਵੜਨ ਦੀ ਬਜਾਏ, ਘੰਟਿਆਂ-ਬੱਧੀ ਉਸਦੇ ਕਿਨਾਰੇ ਬੈਠਾ ਰਹਿੰਦਾ। ਪਾਣੀ ਦੀਆਂ ਛੱਲਾਂ ਦਾ ਸੰਗੀਤ ਅਤੇ ਉਹ ਸ਼ਾਂਤ ਮਾਹੌਲ ਮੈਨੂੰ ਅਕਹਿ ਸਕੂਨ ਬਖ਼ਸ਼ਦਾ। ਮੈਂ ਅਕਸਰ ਭਜਨੇ ਨਾਲ ਉਸਦੇ ਸਕੂਲ ਵੀ ਚਲਿਆ ਜਾਂਦਾ। ਉਹ ਸਕੂਲ ਜਾਂਦਿਆਂ ਗਰਮ-ਗਰਮ ਰੋਟੀਆਂ ਦੇ ਵਿਚਕਾਰ ਗੁੜ ਰੱਖ ਕੇ ਲੈ ਜਾਂਦਾ। ਅੱਧੀ ਛੁੱਟੀ ਵੇਲੇ ਜਦੋਂ ਉਹ ਰੋਟੀ ਖੋਲ੍ਹਦਾ, ਤਾਂ ਗਰਮ ਰੋਟੀ ਕਾਰਨ ਪਿਘਲੇ ਹੋਏ ਗੁੜ ਦੀ ਉਹ ਮਹਿਕ ਅਤੇ ਉਸਦਾ ਲਾਜਵਾਬ ਜ਼ਾਇਕਾ ਬਿਆਨੋਂ ਬਾਹਰ ਹੁੰਦਾ ਸੀ। ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਬਚਪਨ ਦੇ ਉਨ੍ਹਾਂ ਬੇਫ਼ਿਕਰੇ ਦਿਨਾਂ ਵਿੱਚ ਹੀ ਮੈਨੂੰ ਪਿੰਡ ਛੱਡ ਕੇ ਆਪਣੀ ਭੂਆ ਦੇ ਪਿੰਡ ਰਹਿਣ ਜਾਣਾ ਪਿਆ। ਬੱਸ, ਉੱਥੋਂ ਹੀ ਮੇਰਾ ਨਾਨਕੇ ਜਾਣ ਦਾ ਸਿਲਸਿਲਾ ਟੁੱਟ ਗਿਆ। ਵੱਡੇ ਮਾਮੇ ਦੇ ਮੁੰਡੇ ਦਾ ਵਿਆਹ ਹੋ ਗਿਆ, ਛੋਟੇ ਮਾਮੇ ਦੇ ਮੁੰਡੇ ਦਾ ਵੀ ਘਰ ਵਸ ਗਿਆ। ਮੈਂ ਨੌਕਰੀ ਲੱਗ ਗਿਆ, ਮੇਰਾ ਆਪਣਾ ਵਿਆਹ ਹੋ ਗਿਆ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਵਿੱਚ ਮੇਰਾ ਨਾਨਕੇ ਜਾਣ ਦਾ ਕਦੇ ਸਬੱਬ ਹੀ ਨਾ ਬਣਿਆ।

ਪਰ ਮੇਰੇ ਅੰਦਰ ਦਾ ਬਾਲਕ ਕਦੇ ਉਸ ਪਿੰਡੋਂ ਬਾਹਰ ਨਹੀਂ ਆਇਆ। ਜਾਗਦੀਆਂ ਅੱਖਾਂ ਨੇ ਭਾਵੇਂ ਉਹ ਪਿੰਡ ਨਹੀਂ ਵੇਖਿਆ, ਪਰ ਮੇਰੇ ਸੁਪਨਿਆਂ ਵਿੱਚ ਅਕਸਰ ਮੇਰਾ ਨਾਨਕਾ ਘਰ ਆਉਂਦਾ ਹੈ। ਸੁਪਨਿਆਂ ਵਿੱਚ ਮੈਂ ਆਪਣੇ ਨਾਨਕੇ ਪਿੰਡ ਦੀਆਂ ਉਨ੍ਹਾਂ ਤਲਿਸਮੀ ਗਲੀਆਂ ਵਿੱਚ ਨੱਠ-ਭੱਜ ਰਿਹਾ ਹੁੰਦਾ ਹਾਂ। ਉਹ ਗਲੀਆਂ ਮੈਨੂੰ 'ਅਲਿਫ਼ ਲੈਲਾ' ਦੇ ਰਹੱਸਮਈ ਕਿੱਸਿਆਂ ਵਰਗੀਆਂ ਲੱਗਦੀਆਂ ਹਨ, ਅਤੇ ਮੇਰਾ ਦਿਲ ਕਰਦਾ ਹੈ ਕਿ ਮੈਂ ਬੱਸ ਉਮਰ ਭਰ ਇਨ੍ਹਾਂ ਗਲੀਆਂ ਵਿੱਚ ਹੀ ਭਟਕਦਾ ਰਹਾਂ। ਮੇਰੇ ਮਾਮੇ ਦਾ ਪੁੱਤਰ ਅਕਸਰ ਫ਼ੋਨ 'ਤੇ ਉਲਾਂਭਾ ਦਿੰਦਾ ਹੈ, "ਮਾਸਟਰ, ਤੂੰ ਹੁਣ ਆਪਣੇ ਨਾਨਕੇ ਕਿਉਂ ਨਹੀਂ ਆਉਂਦਾ? ਤੇਰਾ ਦਿਲ ਨਹੀਂ ਕਰਦਾ ਆਪਣੇ ਨਾਨਕੇ ਘਰ ਆਉਣ ਨੂੰ?"

ਮੈਂ ਹਰ ਵਾਰ ਉਸਨੂੰ ਲਾਰਾ ਲਾ ਦਿੰਦਾ ਹਾਂ ਕਿ 'ਇਸ ਸਾਲ ਪੱਕਾ ਆਵਾਂਗਾ।' ਪਰ ਜੇ ਆਪਣੇ ਮਨ ਦਾ ਸੱਚ ਦੱਸਾਂ ਤਾਂ ਮੇਰਾ ਨਾਨਕੇ ਜਾਣ ਨੂੰ ਹੁਣ ਬਿਲਕੁਲ ਵੀ ਦਿਲ ਨਹੀਂ ਕਰਦਾ। ਇਹ ਕੋਈ ਬੇਰੁਖ਼ੀ ਨਹੀਂ, ਸਗੋਂ ਇਹ ਮੇਰੇ ਨਾਨਕੇ ਪਿੰਡ ਪ੍ਰਤੀ ਮੇਰੇ ਅੰਤਾਂ ਦੇ ਮੋਹ ਦਾ ਇੱਕ ਵੱਖਰਾ ਰੂਪ ਹੈ। ਮੈਨੂੰ ਪਤਾ ਹੈ ਕਿ ਮੇਰੀਆਂ ਸਿਮਰਤੀਆਂ ਵਿੱਚ ਵਸਿਆ ਮੇਰੇ ਛੋਟੇ ਮਾਮੇ ਦਾ ਉਹ ਪੁਰਾਣਾ, ਪਿਆਰਾ ਜਿਹਾ ਘਰ ਹੁਣ ਇੱਕ ਆਲੀਸ਼ਾਨ ਕੋਠੀ ਵਿੱਚ ਤਬਦੀਲ ਹੋ ਚੁੱਕਾ ਹੈ। ਬਾੜੇ ਦੀ ਉਹ ਮਿੱਟੀ, ਜਿੱਥੇ ਸਾਡਾ ਗੁੱਲੀ-ਡੰਡਾ ਖੜਕਦਾ ਸੀ, ਹੁਣ ਸੀਮਿੰਟ ਦੀਆਂ ਇੱਟਾਂ ਹੇਠ ਦੱਬੀ ਗਈ ਹੈ, ਉੱਥੇ ਇੱਕ ਵੱਖਰੀ ਕੋਠੀ ਉਸਰ ਚੁੱਕੀ ਹੈ। ਨਾਨਕੇ ਘਰ ਦੇ ਜਿਸ ਜ਼ੱਰੇ-ਜ਼ੱਰੇ ਨਾਲ ਮੈਨੂੰ ਇਸ਼ਕ ਸੀ, ਉਹ ਹੁਣ ਆਪਣੇ ਉਸ ਸਥੂਲ ਰੂਪ ਵਿੱਚ ਮੌਜੂਦ ਨਹੀਂ ਹੈ।

ਪਰ ਮੇਰੇ ਚੇਤਿਆਂ ਦੇ ਇਤਿਹਾਸ ਵਿੱਚ... ਉਹ ਘਰ, ਉਹ ਪਿੰਡ, ਉਹ ਕੱਚੇ ਰਸਤੇ ਅੱਜ ਵੀ ਹੂ-ਬ-ਹੂ ਉਸੇ ਤਰ੍ਹਾਂ ਜਿਉਂਦੇ ਹਨ, ਜਿਵੇਂ ਬਚਪਨ ਵਿੱਚ ਹੁੰਦੇ ਸਨ। ਮੇਰੇ ਅੰਦਰ ਇੱਕ ਡਰ ਬੈਠਾ ਹੈ ਕਿ ਜੇ ਮੈਂ ਹੁਣ ਨਾਨਕੇ ਗਿਆ, ਤਾਂ ਮੈਨੂੰ ਸਭ ਕੁਝ ਬਦਲਿਆ ਹੋਇਆ ਮਿਲੇਗਾ। ਮੇਰੀਆਂ ਯਾਦਾਂ ਵਿੱਚ ਵਸਿਆ ਮੇਰੇ ਪਿਆਰੇ ਨਾਨਕੇ ਪਿੰਡ ਅਤੇ ਮੇਰੇ ਨਾਨਕੇ ਘਰ ਦਾ ਉਹ ਪਵਿੱਤਰ ਅਕਸ ਧੁੰਦਲਾ ਹੋ ਜਾਵੇਗਾ। ਸ਼ਾਇਦ ਮੇਰੇ ਜ਼ਿਹਨ ਵਿੱਚੋਂ ਮੇਰੇ ਬਚਪਨ ਦੀਆਂ ਉਹ ਅਨਮੋਲ ਯਾਦਾਂ ਕਿਰ ਜਾਣਗੀਆਂ, ਜੋ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹਨ। ਮੈਂ ਆਪਣੇ ਅੰਦਰ ਵਸਦੇ ਉਸ ਪੁਰਾਣੇ, ਸਾਦੇ ਤੇ ਮੋਹ-ਭਿੱਜੇ ਨਾਨਕੇ ਪਿੰਡ ਨੂੰ ਮਰਨ ਨਹੀਂ ਦੇਣਾ ਚਾਹੁੰਦਾ। ਸ਼ਾਇਦ, ਇਸੇ ਕਰਕੇ ਮੈਂ ਹੁਣ ਕਦੇ ਆਪਣੇ ਨਾਨਕੇ ਘਰ ਜਾਵਾਂ ਵੀ ਨਾ... ਕਿਉਂਕਿ ਮੇਰਾ ਨਾਨਕਾ ਘਰ ਹੁਣ ਹਰਿਆਣੇ ਦੀ ਧਰਤੀ 'ਤੇ ਨਹੀਂ, ਮੇਰੀ ਰੂਹ ਦੇ ਅੰਦਰ ਵਸਦਾ ਹੈ।






WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਮੋਰਿੰਗਾ-ਇੱਕ ਚਮਤਕਾਰੀ ਖਾਦ ਪਦਾਰਥ

ਮੋਰਿੰਗਾ ਓਲੀਫੇਰਾ, ਜਿਸਨੂੰ ਆਮ ਤੌਰ 'ਤੇ ਸੁਹੰਜਣਾ ਜਾਂ ਡਰਮਸਟਿਕ ਕਿਹਾ ਜਾਂਦਾ ਹੈ ਪਰੰਪਰਾਗਤ ਰਸੋਈਆਂ ਅਤੇ ਜੜ੍ਹੀ-ਬੂਟੀਆਂ ਦਵਾਈ ਤੋਂ ਨਿਕਲ ਕੇ ਹੁਣ ਵਿਸ਼ਵ ਪੱਧਰ 'ਤੇ ਖਾਸ ਪਹਿਚਾਣ ਬਣਾਉਂਦਾ ਜਾ ਰਿਹਾ ਹੈ। ਪਹਿਲਾਂ ਇਸਨੂੰ ਪਿੰਡਾਂ ਦੇ ਖਾਦ ਪਦਾਰਥਾਂ ਦਾ ਹਿੱਸਾ ਮੰਨਿਆ ਜਾਂਦਾ ਸੀ, ਪਰ ਅੱਜਕੱਲ੍ਹ ਮੋਰਿੰਗਾ ਨੂੰ ਇਸਦੀ ਵਿਲੱਖਣ ਪੋਸ਼ਟਿਕ ਤੱਤਾਂ ਅਤੇ ਸਿਹਤ ਲਈ ਲਾਭਕਾਰੀ ਗੁਣਾਂ ਕਰਕੇ ਸੁਪਰਫੂਡ ਵਜੋਂ ਮੰਨਿਆ ਜਾਂਦਾ ਹੈ।

ਮਨੁੱਖੀ ਜੀਵਨ ਲਈ ਪੋਸ਼ਣ ਦਾ ਖਜ਼ਾਨਾ

ਮੋਰਿੰਗਾ ਦੇ ਪੱਤੇ ਸਭ ਤੋਂ ਵੱਧ ਪੋਸ਼ਣ ਵਾਲੇ ਪੌਦਿਆਂ ਵਿੱਚੋਂ ਇੱਕ ਮੰਨੇ ਜਾਂਦੇ ਹਨ। ਵਿਗਿਆਨਕ ਅਧਿਐਨ ਦਿਖਾਉਂਦੇ ਹਨ ਕਿ ਥੋੜ੍ਹੀ ਮਾਤਰਾ ਵੀ ਰੋਜ਼ਾਨਾ ਦੀਆਂ ਲੋੜੀਂਦੀਆਂ ਪੋਸ਼ਕ ਤੱਤਾਂ ਦੀ ਪੂਰਤੀ ਕਰ ਸਕਦੀ ਹੈ।

ਇਸ ਵਿੱਚ ਸ਼ਾਮਲ ਹਨ:

ਵਿਟਾਮਿਨ: ਏ, ਬੀ-ਕੰਪਲੈਕਸ, ਸੀ

ਖਣਿਜ ਪਦਾਰਥ: ਲੋਹਾ, ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ।

ਪ੍ਰੋਟੀਨ ਅਤੇ ਐਮੀਨੋ ਐਸਿਡ: ਮਾਸਪੇਸ਼ੀਆਂ ਦੀ ਮੁਰੰਮਤ ਅਤੇ ਵਾਧੇ ਲਈ ਜ਼ਰੂਰੀ ਹਨ।

ਐਂਟੀ-ਆਕਸੀਡੈਂਟ: ਫਲੇਵਨੋਇਡਸ, ਫੀਨੋਲਿਕਸ ਅਤੇ ਕੈਰੋਟੀਨੋਇਡਸ।

ਉਦਾਹਰਨ ਵਜੋਂ, ਇੱਕ ਕੱਪ ਤਾਜ਼ੇ ਮੋਰਿੰਗਾ ਦੇ ਪੱਤਿਆਂ ਵਿੱਚ ਵਿਟਾਮਿਨ ਬੀ6, ਵਿਟਾਮਿਨ ਸੀ, ਲੋਹਾ ਅਤੇ ਮੈਗਨੀਸ਼ੀਅਮ ਦੀ ਵਧੀਆ ਮਾਤਰਾ ਹੁੰਦੀ ਹੈ, ਜੋ ਪੋਸ਼ਣ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦਗਾਰ ਹੈ।

ਸੰਰਚਨਾ: ਜੀਵਨ ਲਈ ਅਹਿਮ ਤੱਤ

ਮੋਰਿੰਗਾ ਦੀ ਵਿਲੱਖਣ ਸੰਰਚਨਾ ਇਸਨੂੰ ਹੋਰ ਕੁਦਰਤੀ ਖ਼ੁਰਾਕਾਂ ਤੋਂ ਅਲੱਗ ਬਣਾਉਂਦੀ ਹੈ। ਇਸ ਵਿੱਚ ਪੂਰਾ ਪੌਦਾ-ਆਧਾਰਿਤ ਪ੍ਰੋਟੀਨ (ਜੋ ਪੌਦਿਆਂ ਵਿੱਚ ਕਾਫ਼ੀ ਘੱਟ ਮਿਲਦਾ ਹੈ), ਜ਼ਰੂਰੀ ਐਮੀਨੋ ਐਸਿਡ, ਸਿਹਤਮੰਦ ਫੈਟੀ ਐਸਿਡ (ਜਿਵੇਂ ਓਲੇਇਕ ਐਸਿਡ) ਅਤੇ 90 ਤੋਂ ਵੱਧ ਬਾਇਓਐਕਟਿਵ ਤੱਤ ਮਿਲਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

ਕਵੇਰਸੀਟਿਨ: ਦਿਲ ਦੀ ਸਿਹਤ ਲਈ ਲਾਭਕਾਰੀ ਹੁੰਦਾ ਹੈ।

ਕਲੋਰੋਜੈਨਿਕ ਐਸਿਡ: ਖ਼ੂਨ ਵਿੱਚ ਸ਼ੂਗਰ ਦੇ ਪੱਧਰ ਨੂੰ ਸੰਤੁਲਿਤ ਰੱਖਣ ਵਿੱਚ ਸਹਾਇਕ ਹੁੰਦਾ ਹੈ।

ਆਈਸੋਥਾਇਓਸਾਇਨੇਟਸ: ਸੋਜ਼ਿਸ਼ ਨੂੰ ਘਟਾਉਣ ਵਾਲੇ ਗੁਣ

ਇਹ ਸਭ ਤੱਤ ਮਿਲ ਕੇ ਰੋਗ-ਪ੍ਰਤੀਰੋਧਕ ਤਾਕਤ, ਮੈਟਾਬੋਲਿਜ਼ਮ ਅਤੇ ਕੋਸ਼ਿਕਾ ਮੁਰੰਮਤ ਨੂੰ ਮਜ਼ਬੂਤ ਬਣਾਉਂਦੇ ਹਨ।

ਮੋਰਿੰਗਾ ਨੂੰ ਚਮਤਕਾਰੀ ਦਵਾਈ ਕਿਉਂ ਕਿਹਾ ਜਾਂਦਾ ਹੈ?

ਮੋਰਿੰਗਾ ਨੂੰ ਇਸਦੇ ਬਹੁ-ਪੱਖੀ ਸਿਹਤ ਲਾਭਾਂ ਕਰਕੇ ਚਮਤਕਾਰੀ ਪੌਦਾ ਕਿਹਾ ਜਾਂਦਾ ਹੈ। ਇਹ ਸੋਜ਼ਿਸ਼ ਅਤੇ ਆਕਸੀਡੇਟਿਵ ਸਟਰੈੱਸ ਨੂੰ ਘਟਾਉਂਦਾ ਹੈ। ਇਹ ਦਿਲ ਦੀ ਸਿਹਤ ਲਈ ਲਾਭਦਾਇਕ ਹੈ। ਇਹ ਖ਼ੂਨ ਵਿੱਚ ਸ਼ੂਗਰ ਦੇ ਪੱਧਰ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰਦਾ ਹੈ। ਇਹ ਰੋਗ-ਪ੍ਰਤੀਰੋਧਕ ਤਾਕਤ ਅਤੇ ਚਮੜੀ ਦੀ ਸਿਹਤ ਨੂੰ ਮਜ਼ਬੂਤ ਕਰਦਾ ਹੈ।

ਮਧੁਮੇਹ ਅਤੇ ਦਿਲ ਦੇ ਰੋਗਾਂ ਵਰਗੀਆਂ ਲੰਬੇ ਸਮੇਂ ਦੀਆਂ ਬਿਮਾਰੀਆਂ ਤੋਂ ਬਚਾਅ ਵਿੱਚ ਸਹਾਇਕ ਹੋ ਸਕਦਾ ਹੈ। ਕੁਦਰਤੀ ਪੋਸ਼ਣ ਰਾਹੀਂ ਕਈ ਸਿਹਤ ਸਮੱਸਿਆਵਾਂ ਦਾ ਹੱਲ ਦੇਣ ਦੀ ਸਮਰੱਥਾ ਇਸਦੀ ਪ੍ਰਸਿੱਧੀ ਦਾ ਮੁੱਖ ਕਾਰਨ ਹੈ।

ਪਰੰਪਰਾਗਤ ਇਲਾਜ ਤੋਂ ਆਧੁਨਿਕ ਸੁਪਰਫੂਡ ਤੱਕ

ਮੋਰਿੰਗਾ ਸਦੀਆਂ ਤੋਂ ਪਰੰਪਰਾਗਤ ਦਵਾਈ ਵਿੱਚ ਵਰਤਿਆ ਜਾਂਦਾ ਰਿਹਾ ਹੈ, ਪਰ ਆਧੁਨਿਕ ਵਿਗਿਆਨ ਅਤੇ ਸਿਹਤ ਜਾਗਰੂਕਤਾ ਨੇ ਇਸਨੂੰ ਵਿਸ਼ਵ ਬਾਜ਼ਾਰ ਵਿੱਚ ਪ੍ਰਸਿੱਧ ਕੀਤਾ ਹੈ। ਅੱਜਕੱਲ੍ਹ ਇਹ ਵੱਖ-ਵੱਖ ਰੂਪਾਂ ਵਿੱਚ ਵਰਤਿਆ ਜਾਂਦਾ ਹੈ:

ਪਾਊਡਰ, ਕੈਪਸੂਲ, ਹਰਬਲ ਚਾਹ ਅਤੇ ਪੋਸ਼ਣ ਸਪਲੀਮੈਂਟ।

ਇਸਨੂੰ ਫੰਕਸ਼ਨਲ ਫੂਡ ਵਜੋਂ ਵੀ ਮੰਨਿਆ ਜਾਂਦਾ ਹੈ ਜੋ ਸਿਰਫ਼ ਪੋਸ਼ਣ ਹੀ ਨਹੀਂ, ਸਿਹਤ ਲਈ ਵਾਧੂ ਲਾਭ ਵੀ ਪ੍ਰਦਾਨ ਕਰਦਾ ਹੈ।

ਰੋਜ਼ਾਨਾ ਖੁਰਾਕ ਵਿੱਚ ਮਹੱਤਤਾ

ਅੱਜ ਦੇ ਸਮੇਂ ਵਿੱਚ ਜਦੋਂ ਪ੍ਰੋਸੈਸਡ ਖੁਰਾਕ ਵੱਧ ਰਹੀ ਹੈ, ਮੋਰਿੰਗਾ ਕੁਦਰਤੀ ਅਤੇ ਸਸਤਾ ਹੱਲ ਪ੍ਰਦਾਨ ਕਰਦਾ ਹੈ। ਇਹ ਪੋਸ਼ਣ ਦੀ ਘਾਟ ਨੂੰ ਪੂਰਾ ਕਰਦਾ ਹੈ। ਊਰਜਾ, ਰੋਗ-ਪ੍ਰਤੀਰੋਧਕ ਤਾਕਤ ਅਤੇ ਪਚਣ ਪ੍ਰਕਿਰਿਆ ਨੂੰ ਮਜ਼ਬੂਤ ਕਰਦਾ ਹੈ। ਸ਼ਾਕਾਹਾਰੀ ਲੋਕਾਂ ਲਈ ਉਤਮ ਪੌਦਾ-ਆਧਾਰਿਤ ਪੋਸ਼ਣ ਪ੍ਰਦਾਨ ਕਰਦਾ ਹੈ। ਘੱਟ ਖ਼ਰਚੇ 'ਤੇ ਸਮੂਹਿਕ ਸਿਹਤ ਨੂੰ ਸੁਧਾਰਦਾ ਹੈ।

ਘਰ ਵਿੱਚ ਮੋਰਿੰਗਾ ਦੇ ਸੌਖੇ ਉਪਯੋਗ

ਮੋਰਿੰਗਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸਨੂੰ ਰੋਜ਼ਾਨਾ ਖਾਣੇ ਵਿੱਚ ਆਸਾਨੀ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ।

ਤਾਜ਼ੇ ਪੱਤੇ: ਸਬਜ਼ੀ, ਦਾਲ ਜਾਂ ਸੂਪ ਵਿੱਚ ਮਿਲਾ ਸਕਦੇ ਹੋ।

ਮੋਰਿੰਗਾ ਪਾਊਡਰ: ਪਾਣੀ, ਦੁੱਧ ਜਾਂ ਸਮੂਦੀ ਵਿੱਚ ਮਿਲਾ ਸਕਦੇ ਹੋ।

ਹਰਬਲ ਚਾਹ: ਸੁੱਕੇ ਪੱਤੇ ਉਬਾਲ ਕੇ ਪੀ ਸਕਦੇ ਹੋ।

ਡਰਮਸਟਿਕ ਫਲੀਆਂ: ਸਾਂਭਰ ਜਾਂ ਸਬਜ਼ੀ ਵਿੱਚ ਵਰਤ ਸਕਦੇ ਹੋ।

ਮੋਰਿੰਗਾ ਤੇਲ: ਪਕਵਾਨ ਜਾਂ ਚਮੜੀ ਦੀ ਦੇਖਭਾਲ ਲਈ ਵਰਤਿਆ ਜਾ ਸਕਦਾ ਹੈ।

ਸਾਵਧਾਨੀ ਅਤੇ ਸੰਤੁਲਿਤ ਵਰਤੋਂ

ਇਸਦੇ ਲਾਭਾਂ ਦੇ ਬਾਵਜੂਦ, ਮਾਹਿਰਾਂ ਦੀ ਸਲਾਹ ਹੈ ਕਿ ਇਸਦੀ ਵਰਤੋਂ ਸੰਤੁਲਿਤ ਮਾਤਰਾ ਵਿੱਚ ਕੀਤੀ ਜਾਵੇ। ਖਾਸ ਕਰਕੇ ਗਰਭ ਅਵਸਥਾ ਜਾਂ ਕਿਸੇ ਬਿਮਾਰੀ ਦੇ ਮਾਮਲੇ ਵਿੱਚ ਡਾਕਟਰੀ ਸਲਾਹ ਲੈਣੀ ਜ਼ਰੂਰੀ ਹੈ।

ਮੋਰਿੰਗਾ ਪਰੰਪਰਾਗਤ ਗਿਆਨ ਅਤੇ ਆਧੁਨਿਕ ਵਿਗਿਆਨ ਦੇ ਮਿਲਾਪ ਦਾ ਇੱਕ ਸ਼ਾਨਦਾਰ ਉਦਾਹਰਨ ਹੈ।

ਇਸਦੇ ਉੱਚ ਪੋਸ਼ਟਿਕ ਤੱਤਾਂ,ਵਿਆਪਕ ਸਿਹਤ ਲਾਭ ਅਤੇ ਆਸਾਨ ਵਰਤੋਂ ਇਸਨੂੰ ਸਿਰਫ਼ ਖੁਰਾਕ ਹੀ ਨਹੀਂ, ਸਗੋਂ ਮਨੁੱਖੀ ਸਿਹਤ ਸੁਧਾਰ ਦਾ ਇੱਕ ਮਜ਼ਬੂਤ ਸਾਧਨ ਬਣਾਉਂਦੇ ਹਨ।

ਜਦੋਂ ਦੁਨੀਆ ਕੁਦਰਤੀ, ਟਿਕਾਊ ਅਤੇ ਸਸਤੇ ਪੋਸ਼ਣ ਦੀ ਖੋਜ ਕਰ ਰਹੀ ਹੈ, ਮੋਰਿੰਗਾ ਸਾਬਤ ਕਰ ਰਿਹਾ ਹੈ ਕਿ ਕਈ ਵਾਰ ਸਭ ਤੋਂ ਵਧੀਆ ਹੱਲ ਸਧਾਰਣ ਪੌਦਿਆਂ ਵਿੱਚ ਹੀ ਲੁਕੇ ਹੁੰਦੇ ਹਨ।





ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਖ਼ਾਬ ਮੰਗਦੇ ਹਾਂ

ਅਸੀਂ ਕਦੋਂ ਤੇਥੋਂ,
ਸਵਾਲਾਂ ਦੇ ਜਵਾਬ ਮੰਗਦੇ ਹਾਂ ?
ਅਸੀਂ ਤਾਂ ਅੱਖਾ ਦੇ,
ਹਿੱਸੇ ਦੇ ਖ਼ਾਬ ਮੰਗਦੇ ਹਾਂ।
ਕਰਦੇ ਹਾਂ ਅਜੀਬ ਕਰਮ,
ਸ਼ਰਮਸਾਰ ਨਹੀਂ ਹੁੰਦੇ,
ਉਮਰ ਭਰ ਬੀਜਦੇ ਕੰਡੇ,
ਫਿਰ ਗੁਲਾਬ ਮੰਗਦੇ ਹਾਂ।
ਪੁੱਛ ਰਹੀ ਏ ਆਸ,
ਕਦੋਂ ਮਿਲਣਗੇ ਰੁੱਸੇ ਹੋਏ?
ਗਿਲੇ-ਸ਼ਿਕਵਿਆਂ ਦਾ ਉਨ੍ਹਾ ਤੋਂ,
ਕਦੋਂ ਹਿਸਾਬ ਮੰਗਦੇ ਹਾਂ
ਗੁਨਾਹਗਾਰ ਤਾਂ ਨਜ਼ਰਾਂ ਨੇ,
ਏਸ ਚੰਦਰੀ ਦੁਨੀਆ ਦੀਆਂ,
ਫਿਰ ਕਿਉ ! ਫੁੱਲਾਂ ਜਿਹੇ,
ਚਿਹਰਿਆਂ ਲਈ ਨਕਾਬ ਮੰਗਦੇ ਹਾਂ ?
ਨਾ ਬਾਗੀਂ ਮੋਰ ਨੱਚ ਰਹੇ,
ਨਾ ਏ ਕੋਇਲ ਕੂਕਦੀ,
ਜੋ ਚਿਹਰਿਆਂ ਤੋਂ ਉੱਡਿਆ,
ਉਹੀਓ ਸ਼ਬਾਬ ਮੰਗਦੇ ਹਾਂ।

**ਧਿਆਨ ਸਿੰਘ "ਜ਼ਖ਼ਮੀ"**
**ਪੀਰ ਮੁਛੱਲਾ,ਜੀਰਕਪੁਰ**
**9876555961**

# ਆਪਣਿਆਂ ਦਾ ਹੱਥ

ਭਰੋਸੇ ਦੇ ਮਹਿਲ ਢਾਹੁਣ ਵਿੱਚ,
ਆਪਣਿਆਂ ਦਾ ਹੱਥ ਹੁੰਦਾ ਹੈ,
ਖ਼ੁਸ਼ੀਆਂ ਦੇ ਦੀਵੇ ਬੁਝਾਉਣ ਵਿੱਚ,
ਆਪਣਿਆਂ ਦਾ ਹੱਥ ਹੁੰਦਾ ਹੈ।
ਗੈਰਾਂ ਨੂੰ ਕੀ ਪਤਾ ਕਿ ਸਾਡੀ ਰੂਹ ਕਿੱਥੋਂ ਜ਼ਖ਼ਮੀ ਹੈ,
ਨਿਸ਼ਾਨਾ ਬਿਲਕੁਲ ਸਹੀ ਲਗਾਉਣ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।
ਅਸੀਂ ਤਾਂ ਸਮਝਿਆ ਸੀ ਕਿ ਉਹ ਸਾਡੀ ਜਿੱਤ ਦੀ ਦੁਆ ਕਰਨਗੇ,
ਪਰ ਸਾਨੂੰ ਜਿੱਤ ਕੇ ਵੀ ਹਰਾਉਣ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।
ਜਿਹੜੀਆਂ ਨੀਹਾਂ 'ਤੇ ਅਸੀਂ ਸਾਰੀ ਉਮਰ ਦਾ ਮਾਣ ਕੀਤਾ ਸੀ,
ਉਹਨਾਂ ਨੀਹਾਂ ਨੂੰ ਖੋਖਲਾ ਬਣਾਉਣ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।
ਕੋਈ ਬੇਗਾਨਾ ਨਹੀਂ ਲੁੱਟਦਾ ਸਾਡੇ ਸਕੂਨ ਦੀਆਂ ਬਸਤੀਆਂ,
ਸਾਡਾ ਹਸਦਾ ਵੱਸਦਾ ਘਰ ਉਜਾੜਨ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।
ਗੈਰ ਤਾਂ ਸਿਰਫ਼ ਦੂਰੋਂ ਖੜ੍ਹ ਕੇ ਤਮਾਸ਼ਾ ਵੇਖ ਸਕਦੇ ਨੇ,
ਪਰ ਬਲਦੀ ਅੱਗ 'ਤੇ ਤੇਲ ਪਾਉਣ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।
'ਪ੍ਰਗਟ' ਜਦੋਂ ਵੀ ਇਤਿਹਾਸ ਦੇ ਪੰਨੇ ਫੋਲ ਕੇ ਵੇਖੇਂਗਾ,
ਕਿਸੇ ਯੋਧੇ ਨੂੰ ਧੋਖੇ ਨਾਲ ਮਰਵਾਉਣ ਵਿੱਚ, ਆਪਣਿਆਂ ਦਾ ਹੱਥ ਹੁੰਦਾ ਹੈ।

**ਪ੍ਰਗਟ ਸਿੰਘ ਗਿੱਲ ਬਾਗ਼ੀ**

LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation



PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN 7 DAYS A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


SERVPRO.
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260